Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 135 | Monday, July 11, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਰੌਜਰਜ਼ ਦੇ ਸੀਈਓ ਨਾਲ ਮੁਲਾਕਾਤ ਕਰਨਗੇ ਇੰਡਸਟਰੀ ਮੰਤਰੀ



ਓਟਵਾ, 10 ਜੁਲਾਈ (ਪੋਸਟ ਬਿਊਰੋ) : ਰੌਜਰਜ਼ ਦੇ ਨੈੱਟਵਰਕ ਵਿੱਚ ਵਿਘਣ ਪਾਉਣ ਤੇ ਕਈ ਅਹਿਮ ਸਰਵਿਸਿਜ਼ ਵਿੱਚ ਰੁਕਾਵਟ ਕਾਰਨ ਪੂਰੇ ਸਿਸਟਮ ਦੇ ਧਰਾਸ਼ਾਈ ਹੋਣ ਦੇ ਸਬੰਧ ਵਿੱਚ ਕੈਨੇਡਾ ਦੇ ਇੰਡਸਟਰੀ ਮੰਤਰੀ ਵੱਲੋਂ ਰੌਜਰਜ਼ ਕਮਿਊਨਿਕੇਸ਼ਨਜ਼ ਦੇ ਸੀਈਓ ਨਾਲ ਮੀਟਿੰਗ ਰੱਖੀ ਗਈ ਹੈ।ਕਈ ਕਸਟਮਰਜ਼ ਵੱਲੋਂ ਅਜੇ ਵੀ ਸਰਵਿਸਿਜ਼ ਵਿੱਚ ਗੜਬੜ ਦੀ ਸ਼ਿਕਾਇਤ ਕੀਤੀ ਜਾ ਰਹੀ ਹੈ।

ਫਰੈਂਕੌਇਸ ਫਿਲਿਪ ਸ਼ੈਂਪੇਨ ਦੇ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਕੈਨੇਡਾ ਭਰ ਵਿੱਚ ਨੈੱਟਵਰਕਜ਼ ਦੀ ਭਰੋਸੇਯੋਗਤਾ ਨੂੰ ਬਹਾਲ ਕਰਨ ਤੇ ਇਸ ਵਿੱਚ ਸੁਧਾਰ ਕਰਨ ਲਈ ਉਹ ਰੌਜਰਜ਼ ਦੇ ਸੀਈਓ ਟੋਨੀ ਸਟੈਫਿਏਰੀ ਤੇ ਹੋਰ ਟੈਲੀਕੌਮ ਲੀਡਰਾਂ ਨਾਲ ਮੁਲਾਕਾਤ ਕਰਨਗੇ।ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਪਿਛਲੇ ਹਫਤੇ ਸਰਵਿਸ ਵਿੱਚ ਵੱਡਾ ਵਿਘਣ ਪਿਆ ਸੀ ਤੇ ਇਹ 15 ਘੰਟਿਆਂ ਲਈ ਜਾਰੀ ਰਿਹਾ। ਇਸ ਕਾਰਨ ਕਈ ਲਾਅ ਐਨਫੋਰਸਮੈਂਟ, ਹੈਲਥ ਕੇਅਰ ਤੇ ਬੈਕਿੰਗ ਸਰਵਿਸਿਜ਼ ਠੱਪ ਹੋ ਗਈਆਂ। ਉਨ੍ਹਾਂ ਆਖਿਆ ਕਿ ਇਨ੍ਹਾਂ ਸਰਵਿਸਿਜ਼ ਦੀ ਕੈਨੇਡੀਅਨਜ਼ ਨੂੰ ਆਪਣੇ ਰੋਜ਼ਾਨਾਂ ਕੰਮਾਂ ਕਾਰਾਂ ਲਈ ਬਹੁਤ ਲੋੜ ਹੁੰਦੀ ਹੈ ਤੇ ਇਸ ਲਈ ਅਸੀਂ ਚਾਹੁੰਦੇ ਹਾਂ ਕਿ ਟੈਲੀਕਾਮ ਇੰਡਸਟਰੀ ਆਪਣੇ ਮਿਆਰ ਉੱਚੇ ਰੱਖੇ। ਸ਼ੈਂਪੇਨ ਨੇ ਆਖਿਆ ਕਿ ਇਸ ਬਾਰੇ ਉਹ ਆਪਣੇ ਵਿਚਾਰ ਸਟੈਫਿਏਰੀ ਨੂੰ ਦੱਸ ਚੁੱਕੇ ਹਨ।ਇਸ ਦੌਰਾਨ ਰੌਜਰਜ਼ ਨੇ ਵੀ ਆਖਿਆ ਕਿ ਸ਼ੈਂਪੇਨ ਤੇ ਇੰਡਸਟਰੀ ਦੇ ਹੋਰਨਾਂ ਮੈਂਬਰਾਂ ਨਾਲ ਮੀਟਿੰਗ ਲਈ ਉਹ ਤਾਂਘਵਾਨ ਹਨ।

## ਸਟਾਫ ਦੀ ਘਾਟ ਕਾਰਨ ਬਰੈਂਪਟਨ ਦੇ ਹਸਪਤਾਲ ਨੂੰ ਬੰਦ ਕਰਨਾ ਪਿਆ ਅਰਜੈਂਟ ਕੇਅਰ ਸੈਂਟਰ

ਬਰੈਂਪਟਨ, 10 ਜੁਲਾਈ (ਪੋਸਟ ਬਿਊਰੋ) : ਸਟਾਫ ਦੀ ਘਾਟ ਕਾਰਨ ਬਰੈਂਪਟਨ ਵਿੱਚ ਇੱਕ ਅਰਜੈਂਟ ਕੇਅਰ ਸੈਂਟਰ ਨੂੰ ਐਤਵਾਰ ਸ਼ਾਮ ਨੂੰ ਬੰਦ ਕਰਨਾ ਪਿਆ।

ਵੀਲੀਅਮ ਓਸਲਰ ਹੈਲਥ ਸਿਸਟਮਜ਼ ਨੇ ਦੱਸਿਆ ਕਿ ਐਤਵਾਰ ਸ਼ਾਮੀਂ 5:00 ਵਜੇ ਪੀਲ ਮੈਮੋਰੀਅਲ ਦੇ ਅਰਜੈਂਟ ਕੇਅਰ ਸੈਂਟਰ ਨੂੰ ਬੰਦ ਕਰਨਾ ਪਿਆ। ਇਹ ਵੀ ਆਖਿਆ ਗਿਆ ਕਿ ਬਰੈਂਪਟਨ ਸਿਵਿਕ ਹੌਸਪਿਟਲ ਤੇ ਇਟੋਬੀਕੋ ਜਨਰਲ ਐਮਰਜੰਸੀ ਤੇ ਅਰਜੈਂਟ ਕੇਅਰ ਲਈ ਖੁੱਲ੍ਹੇ ਰਹੇ।ਟਵੀਟ ਵਿੱਚ ਨੈੱਟਵਰਕ ਨੇ ਆਖਿਆ ਕਿ ਕਈ ਹਸਪਤਾਲਾਂ ਵਿੱਚ ਸਾਨੂੰ ਹਿਊਮਨ ਰਿਸੋਰਸ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਅਸੀਂ ਕਮਿਊਨਿਟੀ ਨੂੰ ਮਿਸਾਲੀ ਕੇਅਰ ਦੇਣ ਲਈ ਆਪਣੀਆਂ ਟੀਮਾਂ ਦੀ ਹਰ ਤਰ੍ਹਾਂ ਦੀ ਮਦਦ ਵਾਸਤੇ ਵੱਖ ਵੱਖ ਰਣਨੀਤੀਆਂ ਬਣਾ ਰਹੇ ਹਾਂ।




ਵਿਲੀਅਮ ਓਸਲਰ ਦੇ ਬੁਲਾਰੇ ਨੇ ਦੱਸਿਆ ਕਿ ਸੋਮਵਾਰ ਨੂੰ ਅਰਜੈਂਟ ਕੇਅਰ ਸੈਂਟਰ ਦੇ ਆਮ ਵਾਂਗ ਖੁੱਲ੍ਹਣ ਦੀ ਸੰਭਾਵਨਾ ਹੈ। ਇਸ ਔਖੀ ਘੜੀ ਵਿੱਚ ਅਸੀਂ ਕਮਿਊਨਿਟੀ ਤੋਂ ਆਸ ਕਰਦੇ ਹਾਂ ਕਿ ਉਹ ਸਾਡੀ ਮਜਬੂਰੀ ਸਮਝੇਗੀ।ਪਿਛਲੇ ਹਫਤੇ ਓਨਟਾਰੀਓ ਦੇ ਕਈ ਹਸਪਤਾਲਾਂ ਵਿੱਚ ਐਮਰਜੰਸੀ ਡਿਪਾਰਟਮੈਂਟ ਬੰਦ ਕਰਨ ਦੀਆਂ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਸਨ। ਖਾਸਤੌਰ ਉੱਤੇ ਉਨ੍ਹਾਂ ਹਸਪਤਾਲਾਂ ਵਿੱਚ ਜਿੱਥੇ ਸਟਾਫ ਦੀ ਘਾਟ ਹੈ।

ਪਰਥ, ਕਲਿੰਟਨ, ਲਿਸਟੋਵਲ ਤੇ ਵਿੰਘਮ ਵਿੱਚ ਕਈ ਐਮਰਜੰਸੀ ਰੂਮਜ਼ ਨੂੰ ਕਈ ਵਾਰੀ ਬੰਦ ਕਰਨਾ ਪਿਆ ਹੈ। ਕੈਨੇਡੀਅਨ ਐਸੋਸਿਏਸ਼ਨ ਆਫ ਐਮਰਜੰਸੀ ਫਿਜ਼ੀਸ਼ੀਅਨਜ਼ ਨੇ ਆਖਿਆ ਕਿ ਹੈਲਥ ਕੇਅਰ ਮੁਲਾਜ਼ਮਾਂ ਵੱਲੋਂ ਦਿੱਤੇ ਗਏ ਅਸਤੀਫਿਆਂ ਕਾਰਨ ਵੀ ਹਾਲਾਤ ਹੋਰ ਨਿੱਘਰ ਗਏ ਹਨ।ਇਸ ਸਥਿਤੀ ਵੱਲ ਧਿਆਨ ਦਿੱਤਾ ਜਾਣਾ ਬੇਹੱਦ ਜ਼ਰੂਰੀ ਹੈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

## ਵਿਆਜ਼ ਦਰਾਂ ਵਿੱਚ 0.75 ਫੀ ਸਦੀ ਵਾਧਾ ਕਰ ਸਕਦਾ ਹੈ ਬੈਂਕ ਆਫ ਕੈਨੇਡਾ




ਓਟਵਾ, 10 ਜੁਲਾਈ (ਪੋਸਟ ਬਿਊਰੋ) : ਇਕਨੌਮਿਸਟਸ ਵੱਲੋਂ ਇਹ ਪੇਸ਼ੀਨਿਗੋਈ ਕੀਤੀ ਜਾ ਰਹੀ ਹੈ ਕਿ ਬੈਂਕ ਆਫ ਕੈਨੇਡਾ ਵੱਲੋਂ ਬੁੱਧਵਾਰ ਨੂੰ ਵਿਆਜ਼ ਦਰਾਂ ਵਿੱਚ ਪਰਸੈਂਟੇਜ ਪੁਆਇੰਟ ਦਾ 0.75 ਫੀ ਸਦੀ ਵਾਧਾ ਕੀਤੇ ਜਾਣ ਦੀ ਸੰਭਾਵਨਾ ਹੈ। ਅਜਿਹਾ ਦੁਨੀਆਂ ਭਰ ਵਿੱਚ ਵੱਧ ਰਹੀ ਮਹਿੰਗਾਈ ਕਾਰਨ ਹੋ ਸਕਦਾ ਹੈ।

ਕੈਨੇਡਾ ਵਿੱਚ ਮਈ ਵਿੱਚ ਮਹਿੰਗਾਈ 39 ਸਾਲਾਂ ਵਿੱਚ ਪਹਿਲੀ ਵਾਰੀ 7.7 ਫੀ ਸਦੀ ਤੱਕ ਵਧੀ। ਇਹ ਸੈਂਟਰਲ ਬੈਂਕ ਵੱਲੋਂ ਲਾਏ ਗਏ ਕਿਆਫੇ ਤੋਂ ਦੋ ਫੀ ਸਦੀ ਵੱਧ ਸੀ।ਇਸ ਦੇ ਮੱਦੇਨਜ਼ਰ ਪਹਿਲੀ ਜੂਨ ਨੂੰ ਬੈਂਕ ਆਫ ਕੈਨੇਡਾ ਨੇ ਆਪਣੀਆਂ ਵਿਆਜ਼ ਦਰਾਂ ਵਿੱਚ ਅੱਧਾ ਪਰਸੈਂਟੇਜ ਪੁਆਇੰਟ ਵਾਧਾ ਕੀਤਾ। ਉਦੋਂ ਤੋਂ ਹੀ ਬੈਂਕ ਵੱਲੋਂ ਹੋਰ ਸਖ਼ਤ ਪਹੁੰਚ ਅਪਨਾਉਣ ਦਾ ਸੰਕੇਤ ਦਿੱਤਾ ਗਿਆ ਹੈ। 9 ਜੂਨ ਨੂੰ ਇੱਕ ਨਿਊਜ਼ ਕਾਨਫਰੰਸ ਦੌਰਾਨ ਗਵਰਨਰ ਟਿੱਫ ਮੈਕਲਮ ਨੇ ਆਖਿਆ ਕਿ ਮਹਿੰਗਾਈ ਉੱਤੇ ਨਕੇਲ ਪਾਉਣ ਲਈ ਸਾਨੂੰ ਵਿਆਜ਼ ਦਰਾਂ ਵਿੱਚ ਵਾਧਾ ਕਰਨਾ ਹੋਵੇਗਾ। ਸਾਨੂੰ ਹੋਰ ਵੱਡੇ ਕਦਮ ਵੀ ਚੁੱਕਣੇ ਪੈ ਸਕਦੇ ਹਨ।

ਬਹੁਤੇ ਇਕਨੌਮਿਸਟਸ ਵੱਲੋਂ ਵਿਆਜ਼ ਦਰਾਂ ਵਿੱਚ ਪਰਸੈਂਟੇਜ ਪੁਆਇੰਟ ਦਾ ਤਿੰਨ ਚੌਥਾਈ ਵਾਧਾ ਕਰਨ ਦੀ ਪੇਸ਼ੀਨਗੋਈ ਕੀਤੀ ਗਈ ਹੈ। ਯੂਐਸ ਫੈਡਰਲ ਰਿਜ਼ਰਵ ਵੱਲੋਂ ਪਿਛਲੇ ਮਹੀਨੇ ਆਪਣੀਆਂ ਵਿਆਜ਼ ਦਰਾਂ ਵਿੱਚ ਇਸੇ ਤਰ੍ਹਾਂ ਵਾਧਾ ਕੀਤਾ ਗਿਆ ਸੀ।

## ਮੱਤੇਵਾੜਾ ਦੇ ਜੰਗਲ ਬਚਾਉਣ ਲਈ ਸਿਆਸੀ, ਸਮਾਜੀ ਜੱਥੇਬੰਦੀਆਂ ਦਾ ਸਰਕਾਰ ਵਿਰੁੱਧ ਮੋਰਚਾ

ਮਾਛੀਵਾੜਾ ਸਾਹਿਬ, 10 ਜੁਲਾਈ, (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਹਲਕਾ ਸਾਹਨੇਵਾਲ ਹੇਠਲੇ ਮੱਤੇਵਾੜਾ ਦੇ ਜੰਗਲਾਂ ਅਤੇ ਸਤਲੁਜ ਦਰਿਆ ਕੰਢੇ 1000 ਏਕੜ ਵਿੱਚ ਬਣਾਏ ਜਾ ਰਹੇ ਟੈਕਸਟਾਈਲ ਇੰਡਸਟਰੀ ਪਾਰਕ ਦੇ ਵਿਰੁੱਧਪੰਜਾਬ ਸੰਘਰਸ਼ ਕਮੇਟੀ ਦੇ ਸੱਦੇ ਉੱਤੇ ਸਿਆਸੀਅਤੇ ਸਮਾਜਸੇਵੀ ਜਥੇਬੰਦੀਆਂ ਦੇ ਆਗੂਆਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਵਾਤਾਵਰਣ ਪ੍ਰੇਮੀਆਂ ਨੇ ਅੱਜ ਏਥੇ ਆਣ ਕੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਇਹ ਪ੍ਰੋਜੈਕਟ ਬੰਦ ਨਾ ਹੋਇਆ ਤਾਂ ਇਸ ਦੇ ਖਿਲਾਫ ਸਾਰੀਆਂ ਧਿਰਾਂ ਵੱਲੋਂ ਪੱਕਾ ਮੋਰਚਾ ਲਾ ਦਿੱਤਾ ਜਾਵੇਗਾ।



ਮੱਤੇਵਾੜਾ ਜੰਗਲਾਂ ਕੰਢੇ ਅੱਜ ਪੰਜਾਬ ਸੰਘਰਸ਼ ਕਮੇਟੀ ਦੇ ਆਗੂ ਕਰਨਲ ਲਖਨਪਾਲ, ਜਸਕੀਰਤ ਸਿੰਘ, ਕਪਿਲ ਅਰੋੜਾ, ਮਨਪ੍ਰੀਤ ਸਿੰਘ ਬੈਂਸ ਤੇ ਹੋਰਨਾਂ ਵੱਲੋਂ ਉਲੀਕੇ ਪ੍ਰੋਗਰਾਮ ਵਿਚ ਕਾਂਗਰਸ, ਅਕਾਲੀ ਦਲ ਬਾਦਲ, ਅਕਾਲੀ ਦਲ (ਅੰਮ੍ਰਿਤਸਰ) ਤੇ ਹੋਰ ਸਮਾਜਸੇਵੀ ਸੰਗਠਨਾਂ ਨੇ ਇੱਕੋ ਮੰਚ ਤੋਂ ਬੋਲਦਿਆਂ ਕਿਹਾ ਕਿ ਮੱਤੇਵਾੜਾ ਦੇ ਜੰਗਲਾਂ ਤੇ ਸਤਲੁਜ ਦਰਿਆ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਕਿਸੇ ਹਾਲਤਏਥੇ ਇੰਡਸਟਰੀ ਨਹੀਂ ਲੱਗਣ ਦਿੱਤੀ ਜਾਵੇਗੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਮੱਤੇਵਾੜਾ ਜੰਗਲਾਂ ਤੇ ਸਤਲੁਜ ਦਰਿਆ ਕਿਨਾਰੇ ਲੱਗ ਰਹੇ ਇੰਡਸਟਰੀ ਪਾਰਕ ਦੇ ਵਿਰੁੱਧ ਅੱਜ ਏਥੇ ਪੁੱਜੇਅਤੇ ਹੱਥ ਵਿੱਚ ਤਖ਼ਤੀ ਫੜ ਕੇ ਪ੍ਰੋਜੈਕਟ ਦਾ ਵਿਰੋਧ ਕਰਦਿਆਂ ਕਿਹਾ ਕਿ ਵਾਤਾਵਰਣ ਬਚਾਉਣ ਲਈ ਏਥੇ ਉਦਯੋਗਿਕ ਯੂਨਿਟਾਂ ਨਹੀਂ ਲੱਗਣੀਆਂ ਚਾਹੀਦੀਆਂ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill
Certified & Licenced Exterminator

ROYAL STAR Realty Inc. Brokerage
"Royal People Deserve Royal Services"
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR HOME & APPLIANCES
UPGRADE TO 4 DOOR FRIDGE
$99
JULY BOXING WEEK
$4799
PLUS TAX
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਬੇਅਦਬੀ ਅਤੇ ਗੋਲੀਕਾਂਡ : ਸੰਘਰਸ਼ ਕਮੇਟੀ ਨੇ ਇਨਸਾਫ਼ ਲਈ ਸਰਕਾਰ ਦੇ ਵਕੀਲਾਂ ਨੂੰ 15 ਦਿਨਾਂ ਦਾ ਸਮਾਂ ਦਿੱਤਾ

## * ਤਨਾਅ ਦੇ ਬਾਅਦ ਆਪਸੀ ਸਹਿਮਤੀ ਨਾਲ ਫੈਸਲਾ

ਫਰੀਦਕੋਟ, 10 ਜੁਲਾਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਸਾਲ 2015 ਵਿੱਚ ਹੋਏ ਬੇਅਦਬੀ ਤੇ ਗੋਲੀ ਕਾਂਡ ਦੇ ਦੋਸ਼ੀਆਂ ਉੱਤੇ ਕਾਰਵਾਈ ਕਰਾਉਣ ਲਈ ਬਹਿਬਲ ਕਲਾਂ ਵਿਖੇ ਲੱਗੇ ਮੋਰਚੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਐਡਵੋਕੇਟ ਜਨਰਲ ਵੱਲੋਂ ਐਡਵੋਕੇਟ ਸੰਤੋਖਇੰਦਰ ਸਿੰਘ ਨਾਭਾ ਦੀ ਅਗਵਾਈ ਵਿੱਚ ਭੇਜੀ ਪੰਜ ਮੈਂਬਰੀ ਵਕੀਲਾਂ ਦੀ ਟੀਮ ਦੇ ਵਫਦ ਵੱਲੋਂ ਮੰਗੀ ਤਿੰਨ ਮਹੀਨਿਆਂ ਦੀ ਮੋਹਲਤ ਦੇ ਦਿੱਤੀ ਗਈ ਹੈ। ਉਂਜ ਇਹ ਮੋਹਲਤ ਦੇਣ ਤੋਂ ਪਹਿਲਾਂ ਓਥੇ ਕਾਫੀ ਬਹਿਸ ਹੋਈ ਅਤੇ ਇੱਕ ਵਾਰੀ ਤਨਾਅ ਵੀ ਬਣ ਗਿਆ ਸੀ। ਪੰਜਾਬ ਦੇ ਐਡਵੋਕੇਟ ਜਨਰਲ ਵੱਲੋਂ ਵਕੀਲ ਸੰਤੋਖਇੰਦਰ ਸਿੰਘ ਨਾਭਾ ਦੀ ਅਗਵਾਈ ਵਿੱਚ ਭੇਜੀ ਪੰਜ ਮੈਂਬਰੀ ਵਕੀਲਾਂ ਦੀ ਟੀਮ ਅੱਜ ਹੋਰ ਸਮਾਂ ਲੈਣ ਤੇ ਪਿਛਲੀ ਕਾਰਗੁਜ਼ਾਰੀ ਦੱਸਣ ਲਈ ਬਹਿਬਲ ਕਲਾਂ ਮੋਰਚੇ ਵਿਖੇ ਪੁੱਜੀ ਤਾਂ ਓਥੇ ਤਣਾਅ ਦਾ ਮਾਹੌਲ ਬਣ ਗਿਆ। ਕੁਝ ਗਰਮ ਖਿਆਲੀ ਨੌਜਵਾਨ ਇਸ ਸਰਕਾਰੀ ਟੀਮ ਨੂੰ ਹੋਰ ਸਮਾਂ ਦੇਣ ਨੂੰਰਾਜ਼ੀ ਨਹੀਂ ਸਨ, ਪਰ ਪਿੱਛੋਂਸਭ ਦੀ ਸਹਿਮਤੀ ਨਾਲ ਸਰਕਾਰ ਨੂੰ 15 ਦਿਨਹੋਰ ਦੇ ਦਿੱਤੇ ਗਏ। ਬੇਅਦਬੀ ਅਤੇ ਗੋਲੀਕਾਂਡ ਦੇ ਕੇਸਾਂ ਦੇ ਇਨਸਾਫ਼ ਵਾਸਤੇਬੀਤੇ ਕਰੀਬ 7 ਮਹੀਨਿਆਂ ਤੋਂ ਚੱਲਦੇ ਬਹਿਬਲ ਮੋਰਚੇ ਵਿੱਚ ਅੱਜ ਵੱਖ-ਵੱਖ ਸਿੱਖ ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਸਮਾਜਸੇਵੀਆਂ ਦੀ ਹਾਜ਼ਰੀ ਵਿੱਚਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀ ਇਸ ਟੀਮ ਨੇ ਦੱਸਿਆ ਕਿ ਕਰੀਬ 2 ਸਾਲਾਂ ਤੋਂ ਗੋਲੀਕਾਂਡ ਦੇ ਕੇਸਾਂਦੇਦੋਸ਼ੀਆਂਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਾਈਆਂ ਵੱਖ-ਵੱਖ ਰਿੱਟ ਪਟੀਸ਼ਨਾਂ ਰੱਦ ਕਰਵਾ ਦਿੱਤੀਆਂ ਹਨ, ਜਿਸ ਨਾਲ ਇਨ੍ਹਾਂ ਕੇਸਾਂ ਦੀ ਸੁਣਵਾਈ ਦਾ ਟਰਾਇਲ ਚੱਲਣ ਦੀ ਸ਼ੁਰੂਆਤ ਹੋ ਸਕੇਗੀ ਅਤੇ ਇਸ ਨੂੰ ਛੋਟੀ ਪ੍ਰਾਪਤੀ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਦਾਅਵਾ ਕੀਤਾ ਕਿ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਜਰੂਰ ਤੇ ਜਲਦੀ ਮਿਲੇਗਾ।

ਇਸ ਮੌਕੇਜਦੋਂ ਵਕੀਲਾਂ ਦੀ ਸਰਕਾਰੀ ਟੀਮ ਨੇ ਹੋਰ ਸਮਾਂ ਮੰਗਿਆ ਤਾਂ ਓਥੇ ਤਨਾਅ ਬਣ ਗਿਆ। ਸੁਖਰਾਜ ਸਿੰਘ ਨਿਆਮੀਵਾਲਾ, ਸਾਧੂ ਸਿੰਘ, ਐਡਵੋਕੇਟ ਹਰਪਾਲ ਸਿੰਘ ਖਾਰਾ, ਹਰਪ੍ਰੀਤ ਸਿੰਘ ਮਖੂ, ਗੁਰਸੇਵਕ ਸਿੰਘ ਭਾਣਾਤੇ ਹੋਰਨਾਂ ਨੇ ਸੰਗਤ ਨੂੰ ਵਾਰ ਵਾਰ ਸ਼ਾਂਤ ਰਹਿਣ ਦੀ ਅਪੀਲ ਕੀਤੀ। ਇਸ ਮੌਕੇਇੱਕ ਦੂਜੇ ਤੋਂ ਮਾਈਕ ਖੋਹਣ ਦੀ ਵੀ ਕੋਸ਼ਿਸ਼ ਹੋਈ, ਪਰ ਲਗਭਗ ਇੱਕ ਘੰਟੇ ਬਾਅਦ ਸਹਿਮਤੀ ਬਣੀ ਕਿ ਸਰਕਾਰ ਨੂੰ 15 ਦਿਨ ਸਮਾਂ ਦੇ ਦਿੱਤਾ ਜਾਵੇ, ਪਰ ਇਨਸਾਫ ਮੋਰਚੇ ਵਿੱਚ ਸੰਗਤਾਂ ਦਾ ਇਕੱਠ ਤੇ ਰੋਜ਼ ਦੋ ਘੰਟੇ ਸਟੇਜ ਏਸੇ ਤਰ੍ਹਾਂ ਚੱਲੇਗੀ, ਜੇ 15 ਦਿਨਾਂ ਵਿੱਚ ਸਰਕਾਰ ਕਿਸੇ ਨਤੀਜੇ ਉੱਤੇ ਨਾ ਪੁੱਜੀ ਤਾਂ ਸਰਕਾਰ ਵੱਲੋਂ ਭੇਜੀ ਵਕੀਲਾਂ ਦੀ ਟੀਮ ਵੀ ਧਰਨੇ ਵਿੱਚ ਸੰਗਤਾਂ ਦੇ ਨਾਲ ਧਰਨੇ ਵਿੱਚ ਬੈਠੇਗੀ।

## ਅੱਜ ਨਾਮਾ

ਸਤਲੁਜ-ਯਮਨਾ ਦੀ ਚੱਲੀ ਹੈ ਬਾਤ ਮੁੜ ਕੇ,
ਲੱਗ ਪਏ ਲੀਡਰ ਫਿਰ ਦੇਣ ਬਿਆਨ ਮੀਆਂ।
ਦਾਗਦਾ ਉਹ ਵੀ ਹੈ ਪਿਆ ਬਿਆਨ ਤਕੜਾ,
ਜਿਸ ਨੂੰ ਰਤਾ ਨਹੀਂ ਅਸਲ ਗਿਆਨ ਮੀਆਂ।
ਦੇਣਾ ਪਾਣੀ ਦਾ ਤੁਪਕਾ ਨਹੀਂ ਕਹਿਣ ਸਾਰੇ,
ਵਗ ਰਹੀ ਨਹਿਰ ਦਾ ਨਹੀਂ ਧਿਆਨ ਮੀਆਂ।
ਬਿਆਨਬਾਜ਼ੀ ਜਦ ਗਰਮ ਬਾਜ਼ਾਰ ਕਰਿਆ,
ਚੱਲਦੀ ਸਿਆਸਤ ਦੀ ਪਈ ਦੁਕਾਨ ਮੀਆਂ।
ਅੱਧੀ ਸਦੀ ਤੋਂ ਗੁਜ਼ਰ ਗਿਆ ਸਮਾਂ ਉੱਪਰ,
ਮੁੱਕੀ ਨਹੀਂ ਬਾਤ ਨਾ ਮੁੱਕਦੀ ਜਾਪਦੀ ਊ।
ਹਰ ਕੋਈ ਧਿਰ ਬਿਆਨਾਂ ਦੀ ਲੜੀ ਲਾ ਕੇ,
ਅਸਲ ਵਿੱਚ ਰਾਜਸੀ ਰਾਗ ਅਲਾਪਦੀ ਊ।

**ਤੀਸ ਮਾਰ ਖਾਂ**

# ਸ਼ਿਵ ਸੈਨਾ ਦੇ 53 ਵਿਧਾਇਕਾਂ ਨੂੰ ਵਿਧਾਨ ਸਭਾ ਸੈਕਟਰੀ ਵੱਲੋਂ ਕਾਰਨ ਦੱਸੋ ਨੋਟਿਸ ਜਾਰੀ

## * ਸੱਤ ਦਿਨਾਂ ਦੇ ਅੰਦਰ ਜਵਾਬ ਦੇਣ ਲਈ ਕਿਹਾ ਗਿਆ

ਮੁੰਬਈ, 10 ਜੁਲਾਈ, (ਪੋਸਟ ਬਿਊਰੋ)- ਮਹਾਰਾਸ਼ਟਰ ਵਿਧਾਨ ਮੰਡਲ ਦੇ ਸੈਕਟਰੀ ਨੇ ਸ਼ਿਵ ਸੈਨਾ ਦੇ 55 ਵਿਧਾਇਕਾਂ ਵਿੱਚੋਂ 53 ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਨ੍ਹਾਂ ਵਿੱਚਬਾਗੀ ਹੋ ਕੇ ਭਾਜਪਾ ਦੀ ਮਦਦ ਨਾਲ ਸਰਕਾਰ ਬਣਾਉਣ ਵਾਲੇ ਏਕਨਾਥ ਸ਼ਿੰਦੇ ਵਾਲੀ ਧਿਰ ਦੇ 39 ਅਤੇ ਊਧਵ ਠਾਕਰੇ ਧਿਰ ਦੇ 14 ਵਿਧਾਇਕ ਸ਼ਾਮਲ ਹਨ।

ਵਰਨਣ ਯੋਗ ਹੈ ਕਿ ਊਧਵ ਠਾਕਰੇ ਵਾਲੀ ਧਿਰ ਦੇ 14 ਵਿਧਾਇਕਾਂ ਵਿੱਚੋਂ ਇੱਕ ਸੰਤੋਸ਼ ਬਾਂਗਰ ਚਾਰ ਜੁਲਾਈ ਨੂੰ ਸਰਕਾਰ ਦੇ ਫਲੋਰ ਟੈਸਟ ਮੌਕੇ ਏਕਨਾਥ ਸ਼ਿੰਦੇ ਵਾਲੀ ਧਿਰ ਵਿੱਚਚਲੇ ਗਏ ਸਨ। ਦੋਵਾਂ ਧਿਰਾਂ ਦੇ ਵਿਧਾਇਕਾਂ ਨੇ ਕਾਰਨ ਦੱਸੋ ਨੋਟਿਸ ਮਿਲਣ ਦੀ ਪੁਸ਼ਟੀ ਕੀਤੀ ਹੈ।ਇਸ ਤੋਂ ਪਹਿਲਾਂ ਸਪੀਕਰ ਦੀ ਚੋਣ ਤੇ ਭਰੋਸੇ ਦੀ ਵੋਟ ਦੌਰਾਨ ਦੋਵਾਂ ਧਿਰਾਂ ਨੇ ਇੱਕ-ਦੂਸਰੇ ਉੱਤੇ ਪਾਰਟੀ ਵ੍ਹਿਪ ਦੇ ਉਲੰਘਣ ਦਾ ਦੋਸ਼ ਲਾਇਆ ਤੇ ਦੋਵਾਂ ਧਿਰਾਂ ਨੇ ਇੱਕ ਦੂਸਰੀ ਧਿਰ ਦੇ ਵਿਧਾਇਕਾਂ ਨੂੰ ਅਯੋਗ ਐਲਾਨਣ ਦੀ ਮੰਗ ਕੀਤੀ ਸੀ। ਅੱਜ ਇਹ ਨੋਟਿਸ ਮਹਾਰਾਸ਼ਟਰ ਵਿਧਾਨ ਸਭਾ ਮੈਂਬਰ (ਦਲਬਦਲੀ ਦੇ ਆਧਾਰ ਉੱਤੇ ਅਯੋਗਤਾ) ਕਾਨੂੰਨ ਹੇਠ ਜਾਰੀ ਕੀਤਾ ਗਿਆ ਹੈ।

ਇਸ ਦੌਰਾਨ ਏਕਨਾਥ ਸ਼ਿੰਦੇ ਵਾਲੀ ਧਿਰ ਨੇ ਜਿਨ੍ਹਾਂ ਵਿਧਾਇਕਾਂ ਨੂੰ ਅਯੋਗ ਐਲਾਨਣ ਦੀ ਮੰਗ ਕੀਤੀ, ਉਨ੍ਹਾਂ ਵਿੱਚਸਾਬਕਾ ਮੁੱਖ ਮੰਤਰੀ ਅਤੇ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਦੇ ਪੁੱਤਰ ਆਦਿੱਤਿਆ ਦਾ ਨਾਂ ਸ਼ਾਮਲ ਨਹੀਂ।ਇਸ ਵਕਤ 288 ਮੈਂਬਰੀ ਵਿਧਾਨ ਸਭਾ ਵਿੱਚ ਸ਼ਿਵ ਸੈਨਾ ਦੇ 55 ਵਿਧਾਇਕ ਹਨਅਤੇ ਵਿਧਾਨ ਸਭਾ ਦੀ ਮੌਜੂਦਾ ਗਿਣਤੀ 287 ਹੈ। ਸ਼ਿਵ ਸੈਨਾ ਦੇ ਇੱਕਵਿਧਾਇਕ ਦੀ ਮੌਤ ਕਾਰਨ ਇੱਕ ਸੀਟ ਖ਼ਾਲੀ ਹੈ। ਭਰੋਸੇ ਦੀ ਵੋਟ ਦੌਰਾਨ 164 ਵਿਧਾਇਕਾਂ ਨੇ ਨਵੀਂ ਏਕਨਾਥ ਸਰਕਾਰ ਦੀ ਹਮਾਇਤ ਕੀਤੀ ਅਤੇ 99 ਵਿਧਾਇਕਾਂ ਨੇ ਇਸ ਦੇ ਖ਼ਿਲਾਫ਼ ਵੋਟਿੰਗ ਕੀਤੀ ਸੀ।

# ਬੰਦ ਪਈ ਐੱਨ ਆਰ ਆਈ ਦੀ ਕੋਠੀ ਵਿੱਚੋਂ ਲੱਖਾਂ ਦਾ ਸਾਮਾਨ ਚੋਰੀ

ਜਲੰਧਰ, 10 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਵਿਕਾਸ ਪੁਰੀ ਇਲਾਕੇ ਵਿੱਚ ਚੋਰਾਂ ਨੇ ਇੱਕ ਐਨ ਆਰ ਆਈ ਦੀ ਬੰਦ ਪਈ ਕੋਠੀ ਨੂੰ ਨਿਸ਼ਾਨਾ ਬਣਾਇਆ ਅਤੇ ਇਸ ਵਿੱਚੋਂ ਲੱਖਾਂ ਦਾ ਸਾਮਾਨ ਚੋਰੀ ਕਰ ਲਿਆ।

ਐਨ ਆਰ ਆਈ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਆਂਢੀਆਂ ਤੋਂ ਪਤਾ ਲੱਗਾ ਕਿ ਕੋਠੀ ਦੇ ਤਾਲੇ ਟੁੱਟੇ ਹੋਏ ਹਨ ਤੇ ਜਦੋਂ ਉਨ੍ਹਾਂ ਨੇ ਅੰਦਰ ਜਾ ਕੇ ਦੇਖਿਆ ਤਾਂ ਕੋਠੀ ਵਿੱਚੋਂ ਸਾਰਾ ਸਾਮਾਨ ਖਿਲਰਿਆ ਹੋਇਆ ਸੀ ਤੇ ਅਲਮਾਰੀ, ਪੇਟੀਆਂ, ਟਰੰਕਾਂ ਦੇ ਤਾਲੇ ਖੁੱਲ੍ਹੇ ਹੋਏ ਸਨ। ਇਸ ਦੇ ਨਾਲ ਘਰ ਦੇ ਬਾਥਰੂਮਾਂ ਵਿੱਚ ਟੂਟੀਆਂ ਤੇ ਪਾਣੀ ਵਾਲੀਆਂ ਪਾਈਪਾਂ ਸਭ ਗਾਇਬ ਸਨ। ਰਿਸ਼ਤੇਦਾਰ ਕਮਲਜੀਤ ਕੌਰ ਨੇ ਦੱਸਿਆ ਕਿ ਉਹ ਉਨ੍ਹਾਂ ਦੀ ਮਾਸੀ ਦਾ ਘਰ ਹੈ ਤੇ ਮਾਸੀ ਸੰਤੋਸ਼ੀ ਚਾਰ ਸਾਲ ਤੋਂ ਇੰਗਲੈਂਡ ਵਿਖੇ ਰਹਿ ਰਹੀ ਹੈ ਤੇ ਇੱਥੇ ਨਹੀਂ ਆਈ ਤੇ ਕੋਠੀ ਬੰਦ ਪਈ ਹੋਈ ਹੈ। ਫਿਲਹਾਲ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਪੁਲਸ ਅਧਿਕਾਰੀਆਂ ਨੂੰ ਦੇ ਦਿੱਤੀ ਹੈ।

# ਰੈਸਟੋਰੈਂਟ ਵਿੱਚ ਪਾਕਿ ਦੇ ਮੰਤਰੀ ਅਹਿਸਾਨ ਇਕਬਾਲ ਦੀ ਲੋਕਾਂ ਵੱਲੋਂ ਬੇਇੱਜ਼ਤੀ

ਇਸਲਾਮਾਬਾਦ, 10 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਦੇ ਯੋਜਨਾ ਮੰਤਰੀ ਅਹਿਸਾਨ ਇਕਬਾਲਇੱਕ ਰੈਸਟੋਰੈਂਟ ਵਿੱਚ ਗਏ ਤਾਂ ਲੋਕਾਂ ਨੇ ਉਨ੍ਹਾਂ ਦਾ ਅਪਮਾਨ ਸ਼ੁਰੂ ਕਰ ਦਿੱਤਾ। ਇਸ ਦਾ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਰੈਸਟੋਰੈਂਟ ਵਿੱਚ ਲੋਕ ਉਸ ਨਾਲ ਉਲਝਦੇਅਤੇ ਮੰਤਰੀ ਨੂੰ 'ਚੋਰ-ਚੋਰ' ਕਹਿ ਰਹੇ ਹਨ। ਇਸ ਦੇ ਪਿੱਛੇ ਕੀ ਕਾਰਨ ਸੀ, ਅਜੇ ਤੱਕ ਸਪੱਸ਼ਟ ਨਹੀਂ ਹੋ ਸਕਿਆ।

ਮਿਲੀ ਜਾਣਕਾਰੀ ਮੁਤਾਬਕ ਅਹਿਸਾਨ ਇਕਬਾਲ ਪੰਜਾਬ ਦੇ ਸਰਗੋਧਾ ਜ਼ਿਲੇ ਦੀ ਬੇਹੜਾ ਤਹਿਸੀਲ ਵਿਚਲੇਇੱਕ ਮਸ਼ਹੂਰ ਰੈਸਟੋਰੈਂਟ ਵਿੱਚ ਗਿਆ ਤਾਂ ਮੰਤਰੀ ਤੇ ਲੋਕਾਂ ਵਿਚਾਲੇ ਬਹਿਸ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਈ ਹੈ। ਪਾਕਿਸਤਾਨ ਦੇ ਇੱਕ ਨਿਊਜ਼ ਚੈਨਲ ਮੁਤਾਬਕ ਜਦੋਂ ਅਹਿਸਾਨ ਇਸਲਾਮਾ-ਬਾਦ-ਲਾਹੌਰ ਹਾਈਵੇਅ ਉਤੇ ਇਸ ਰੈਸਟੋਰੈਂਟ ਵਿੱਚ ਗਿਆ ਤਾਂ ਇੱਕ ਪਰਿਵਾਰ ਉਸ ਨਾਲ ਉਲਝ ਗਿਆ ਅਤੇਉਨ੍ਹਾਂ ਨੇ ਮੰਤਰੀ ਨੂੰ ਚੋਰ ਕਿਹਾ। ਦੂਸਰੇ ਪਾਸੇ ਅਹਿਸਾਨ ਨੇ ਇੱਕ ਟਵੀਟ ਵਿੱਚ ਕਿਹਾਕਿ ਇਹ ਪਰਿਵਾਰ ਆਪਣੇ ਆਪ ਨੂੰ ਕੁਲੀਨ ਵਰਗ ਤੋਂ ਹੋਣ ਦਾ ਦਾਅਵਾ ਕਰਦਾ ਸੀ, ਪਰ ਉਨ੍ਹਾਂ ਦੀਆਂ ਹਰਕਤਾਂ ਤੋਂ ਲੱਗਦਾ ਸੀ ਕਿ ਉਹ ਬੇਅਦਬ ਲੋਕ ਸਨ।

ਵਰਨਣ ਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸ਼ਾਹਬਾਜ਼ ਸ਼ਰੀਫ ਵਿਰੁੱਧ ਦੇਸ਼ ਵਿਆਪੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੌਜੂਦਾ ਸਰਕਾਰ ਚੋਰ ਹੈ ਤੇ ਵਿਦੇਸ਼ੀ ਸਾਜ਼ਿਸ਼ਾਂ ਨਾਲ ਸੱਤਾ ਉੱਤੇ ਕਾਬਜ਼ ਹੋਈ ਹੈ।ਇੱਕ ਟਵੀਟ ਵਿੱਚ ਅਹਿਸਾਨ ਇਕਬਾਲ ਨੇ ਕਿਹਾ ਕਿ ਉਹ ਬਹਿ-ਸਕਰਨ ਲੱਗੇ ਸਨ, ਪਰ ਸਹੀ ਜਵਾਬ ਦੇਣ ਦੀ ਥਾਂ ਪਰਿਵਾਰ ਨੇ ਉਨ੍ਹਾਂ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ।ਇਸ ਮੌਕੇ ਬੱਚਿਆਂ ਸਣੇਇਸ ਪਰਿਵਾਰ ਦੇ ਮੈਂਬਰਾਂ ਨੇ ਇਕਬਾਲ ਨੂੰ ਦੇਖ ਕੇ ਚੋਰ-ਚੋਰ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।ਵੀਡੀਓ ਵਿੱ-ਚਇਕਬਾਲ ਨੂੰ ਪਰਿਵਾਰ ਦੇ ਸਭ ਤੋਂ ਵੱਡੇ ਮੈਂਬਰ ਇੱਕ ਔਰਤ ਸਮੇਤ ਪਰਿਵਾਰ ਵੱਲ ਇਸ਼ਾਰਾ ਕਰ ਕੇ ਕੁਝ ਕਹਿੰਦੇ ਦੇਖਿਆ ਗਿਆ ਹੈ। ਵੀਡੀਓ ਨੂੰ ਇਮਰਾਨ ਖਾਨ ਦੀ ਪਾਰਟੀ ਪੀਟੀਆਈ ਦੇ ਜੇਹਲਮ ਜ਼ਿਲੇ ਦੇ ਜਨਰਲ ਸੈਕਟਰੀ ਫ਼ਰਾਜ਼ ਚੌਧਰੀ ਨੇ ਪਾਇਆ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਮੱਤੇਵਾੜਾ ਦੇ ਜੰਗਲ ਬਚਾਉਣ ਲਈ ਸਿਆਸੀ, ਸਮਾਜੀ ਜੱਥੇਬੰਦੀਆਂ ਦਾ ਸਰਕਾਰ ਵਿਰੁੱਧ ਮੋਰਚਾ

ਪੰਨਾ 1 ਦਾ ਬਾਕੀ

ਉਨ੍ਹਾ ਨੇ ਕਿਹਾ ਕਿ ਭਾਵੇਂਇਹ ਇੰਡਸਟਰੀ ਪਾਰਕ ਕਾਂਗਰਸ ਦੀ ਪਿਛਲੀ ਸਰਕਾਰ ਦੇ ਰਾਜ ਵੇਲੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਸ ਕੀਤਾ, ਪਰ ਇਹ ਗ਼ਲਤੀ ਸੀ, ਜਿਸਦੀ ਉਹ ਮੁਆਫ਼ੀ ਮੰਗਦੇ ਹਨ। ਉਨ੍ਹਾਂ ਕਿਹਾ ਕਿ ਓਦੋਂ ਸਾਡੇ ਵੱਲੋਂ ਕੀਤਾ ਵਿਰੋਧ ਵੀ ਇਸ ਨੂੰ ਰੋਕ ਨਹੀਂ ਸਕਿਆ। ਰਾਜਾ ਵੜਿੰਗ ਨੇ ਕਿਹਾ ਕਿ ਅੱਜ ਉਹ ਪੰਜਾਬ ਐਕਸ਼ਨ ਕਮੇਟੀ ਦੇ ਸੱਦੇ ਉੱਤੇਆਏ ਹਨ ਤੇ ਵਾਤਾਵਰਣ ਬਚਾਉਣ ਲਈ ਮੱਤੇਵਾੜਾ ਜੰਗਲ ਦੇ ਉਜਾੜੇ ਦਾ ਵਿਰੋਧ ਕਰਦੇ ਹਨ ਤੇ ਸਾਡੀ ਰਾਏ ਹੈ ਕਿਏਥੇ ਰਹਿੰਦੇ ਜੀਵ ਬਚਾਉਣ ਲਈ ਏਥੇ ਇੰਡਸਟਰੀ ਪਾਰਕ ਨਹੀਂ ਲੱਗਣਾ ਚਾਹੀਦਾ। ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਵਿੱਚ ਲੱਗੀ ਇੰਡਸਟਰੀ ਵਿੱਚ ਪੰਜਾਬੀਆਂ ਨੂੰ ਰੁਜ਼ਗਾਰ ਨਹੀਂ ਮਿਲਦਾ, 90 ਫੀਸਦੀ ਬਾਹਰਲੇ ਰਾਜਾਂ ਦੇ ਗ਼ੈਰ-ਪੰਜਾਬੀਆਂ ਨੂੰ ਰੁਜ਼ਗਾਰਮਿਲਦਾ ਹਠ। ਉਨ੍ਹਾਂ ਕਿਹਾ ਕਿ ਪੰਜਾਬੀ ਨੌਜਵਾਨ ਰੁਜ਼ਗਾਰ ਲਈ ਵਿਦੇਸ਼ ਜਾ ਰਹੇ ਹਨ ਤੇ ਜੇ ਇਹੋ ਹਾਲਾਤ ਰਹੇ ਤਾਂ ਪੰਜਾਬ ਵਿੱਚੋਂ ਪੰਜਾਬੀ ਖ਼ਤਮ ਹੋ ਜਾਣਗੇ ਅਤੇ ਸਾਡੇ ਸੱਭਿਆਚਾਰ ਨੂੰ ਖ਼ਤਰਾ ਹੋ ਜਾਵੇਗਾ। ਮੱਤੇਵਾੜਾ ਦੇ ਜੰਗਲ ਨੇੜੇ ਰੱਖੇ ਅੱਜ ਦੇ ਪ੍ਰੋਗਰਾਮ ਵਿੱਚ ਅਕਾਲੀ ਦਲ ਦਲ (ਅੰਮ੍ਰਿਤਸਰ) ਦੇ ਆਗੂ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵੀ ਪੁੱਜੇ ਤੇ ਗੱਲਬਾਤ ਦੌਰਾਨ ਕਿਹਾ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜਾ ਅਤੇ ਮੱਤੇਵਾੜਾ ਦੇ ਜੰਗਲਾਂਤੋਂ ਹੋ ਕੇ ਅਗਲੇ ਪੜਾਅ ਵੱਲ-ਗਏ ਸਨ, ਜਿਸ ਲਈ ਇਹ ਜੰਗਲ ਸਾਡਾ ਧਾਰਮਿਕ ਵਿਰਸਾ ਹਨ, ਜਿਸ ਨੂੰ ਅਸੀਂ ਉੱਜੜਨ ਨਹੀਂ ਦੇਵਾਂਗੇ।

# ਪੰਜਾਬ ਦੇ ਥਾਣਿਆਂ ਵਿੱਚ ਨਾਈਟ ਵੀਜ਼ਨ ਕੈਮਰੇ ਲਾਉਣ ਦੀ ਤਿਆਰੀ



ਚੰਡੀਗੜ੍ਹ, 10 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਸੂਬੇ ਦੇ 423 ਥਾਣਿਆਂ, 31 ਸੀ ਆਈ ਏ ਦਫਤਰਾਂ ਅਤੇ 153 ਪੁਲਸ ਚੌਕੀਆਂ ਵਿੱਚ ਸੀ ਸੀ ਟੀ ਵੀ ਕੈਮਰੇ ਲਾਉਣ ਵਾਲੀ ਹੈ। ਇਸ ਦੇ ਟੈਂਡਰਾਂ ਬਾਰੇ ਸੱਤ ਕੰਪਨੀਆਂ ਨੇ ਕਦਮ ਵਧਾਏ ਹਨ। ਟੈਂਡਰ ਮਿਲਣ ਪਿੱਛੋਂ ਇਨ੍ਹਾਂ ਦੀ ਟੈਕਨੀਕਲ ਈ-ਵੈਲਿਊਏਸ਼ਨ ਸ਼ੁਰੂ ਕਰ ਦਿੱਤੀ ਗਈ ਹੈ।

ਜਾਣਕਾਰ ਅਨੁਸਾਰ ਕੈਮਰੇ ਲਗਾਉਣ ਲਈ ਵਰਕ ਆਰਡਰ ਜਲਦੀ ਜਾਰੀ ਹੋ ਜਾਣਗੇ। ਇਸ ਤੋਂ ਪਹਿਲਾਂ 2018 ਵਿੱਚ ਲਾਏ ਗਏ ਕੈਮਰਿਆਂ ਦੀ ਸੰਭਾਲ ਦਾ ਜ਼ਿੰਮਾ ਇੱਕ ਨਿੱਜੀ ਕੰਪਨੀ ਨੂੰ ਦਿੱਤਾ ਗਿਆ ਸੀ ਅਤੇ ਇਹ ਸਮਝੌਤਾਇਸ 31 ਜੁਲਾਈ ਨੂੰ ਖਤਮ ਹੋ ਜਾਏਗਾ।ਦਿਲਚਸਪ ਪੱਖ ਇਹ ਹੈ ਕਿ 2018 ਵਿੱਚ ਲਾਏ ਕੈਮਰਿਆਂ ਵਿੱਚ ਆਡੀਓ-ਵੀਡੀਓ ਰਿਕਾਰਡਿੰਗ ਦੀ ਸਹੂਲਤ ਨਹੀਂ। ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕੈਮਰਿਆਂ ਵਿੱਚ ਛੇ ਮਹੀਨੇ ਦੀ ਆਡੀਓ ਅਤੇ ਵੀਡੀਓ ਦੀ ਰਿਕਾਰਡਿੰਗ ਦੀ ਸਹੂਲਤ ਚਾਹੀਦੀ ਹੈ, ਪਰ ਸੂਬੇ ਵਿੱਚ ਲੱਗੇ ਕੈਮਰਿਆਂ ਵਿੱਚ ਇਹ ਸਹੂਲਤ ਨਹੀਂ।ਇਸ ਦੇ ਬਾਰੇ ਅਕਾਲੀ ਦਲ ਦੇ ਵਿਧਾਇਕ ਡਾਕਟਰ ਸੁਖਵਿੰਦਰ ਕੁਮਾਰ ਸੁਖੀ ਨੇ ਵਿਧਾਨ ਸਭਾ ਸ਼ੈਸਨ ਵਿੱਚ ਸਵਾਲ ਉਠਾਇਆ ਤਾਂ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਸੀ ਕਿ 2018 ਵਿੱਚ ਲੱਗੇ ਕੈਮਰਿਆਂ ਵਿੱਚ ਆਡੀਓ-ਵੀਡੀਓ ਰਿਕ-ਾਰਡਿੰਗ ਦੀ ਸਹੂਲਤ ਨਹੀਂ, ਸਰਕਾਰ ਨੇ ਇਸ ਸਾਲ ਦੇ ਬਜਟ ਵਿੱਚ ਪੰਜਾਬ ਪੁਲਸ ਦੇ ਆਧੁਨਿਕੀਕਰਨ ਲਈ 108 ਕਰੋੜ ਰੁਪਏ ਖਰਚ ਦਾ ਨਿਯਮ ਲਾਗੂ ਕੀਤਾ ਹੈ ਅਤੇ ਸਾਈਬਰ ਕਰਾਈਮ ਨਾਲ ਨਜਿੱਠਣ ਲਈ ਤੀਹ ਕਰੋੜ ਰੁਪਏ ਨਾਲ ਜਿੱਥੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਸਾਈਬਰ ਕਰਾਈਮ ਕੰਟਰੋਲ ਰੂਮ ਬਣਾਏ ਜਾਣਗੇ, ਉਥੇ ਸੀ ਸੀ ਟੀ ਵੀ ਨੈਟਵਰਕ ਨਾਲ ਕਵਰ ਕੀਤਾ ਜਾਏਗਾ। ਮੋਹਾਲੀ ਅਤੇ ਪੰਜਾਬ ਪੁਲਸ ਮਹਿਲਾ ਮਿੱਤਰ ਕੇਂਦਰਾਂ ਵਿੱਚ ਸੀ ਸੀ ਟੀ ਵੀ ਲਾਉਣ ਲਈ ਪੰਜ ਕਰੋੜ ਖਰਚ ਕੀਤੇ ਜਾਣਗੇ। ਮੁਲਾਜ਼ਮਾਂ ਲਈ ਅੰਤਰਰਾਸ਼ਟਰੀ ਟਰੇਨਿੰਗ ਪ੍ਰੋਗਰਾਮ ਵੀ ਕੀਤੇ ਜਾਣਗੇ।

# ਸ਼ਿੰਜੋ ਅਬੇ ਦੇ ਕਤਲ ਪਿੱਛੋਂ ਜਾਪਾਨ ਦੀਆਂ ਚੋਣਾਂ ਵਿੱਚ ਹਾਕਮ ਗਠਜੋੜ ਜਿੱਤਿਆ



ਟੋਕੀਓ, 11 ਜੁਲਾਈ, (ਪੋਸਟ ਬਿਊਰੋ)- ਜਾਪਾਨ ਵਿੱਚ ਸਭ ਤੋਂ ਲੰਬਾ ਸਮਾਂ ਪ੍ਰਧਾਨ ਮੰਤਰੀ ਰਹੇ ਸ਼ਿੰਜੋ ਅਬੇ ਦੇ ਕਤਲ ਦੇ ਦੋ ਦਿਨ ਪਿੱਛੋਂ ਐਤਵਾਰ ਨੂੰ ਪਾਰਲੀਮੈਂਟ ਦੇ ਉਤਲੇ ਸਦਨ ਲਈ ਵੋਟਿੰਗ ਦੇ ਨਤੀਜੇ ਸੱਤਾਧਾਰੀ ਗਠਜੋੜ ਦੇ ਪੱਖ ਵਿੱਚ ਗਏ ਹਨ। ਐਗਜ਼ਿਟ ਪੋਲ ਮੁਤਾਬਕ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਦੀ ਅਗਵਾਈ ਹੇਠ ਲਿਬਰਲ ਡੈਮੋਕ੍ਰੇਟਿਕ ਪਾਰਟੀ (ਐੱਲਡੀਪੀ) ਤੇ ਉਸ ਦੇ ਸਹਿਯੋਗੀ ਦਲ ਕੋਮੇਇਟੋ ਨੂੰ 125 ਵਿਚੋਂ 69-83 ਸੀਟਾਂ ਉੱਤੇਜਿੱਤ ਮਿਲਣ ਦੀ ਸੰਭਾਵਨਾ ਦੱਸੀ ਗਈ ਸੀ, ਪਰ ਚੋਣ ਨਤੀਜਿਆਂ ਦਾ ਅਧਿਕਾਰਕ ਐਲਾਨ ਬੇਸ਼ੱਕ ਸੋਮਵਾਰ ਨੂੰ ਹੋਵੇਗਾ, ਇਸ ਤੋਂ ਪਹਿਲਾਂ ਮਿਲੀ ਜਾਣਕਾਰੀ ਅਨੁਸਾਰ ਹਾਕਮ ਗੱਠਜੋੜ ਅੱਜ ਸਵੇਰ ਤੱਕ 87 ਸੀਟਾਂ ਜਿੱਤ ਚੁੱਕਾ ਹੈ।

ਵਰਨਣ ਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਦੀ ਸ਼ੁੱਕਰਵਾਰ ਨੂੰ ਨਾਰਾ ਵਿੱਚਇੱਕਨੇੜ ਚੋਣ ਮੀਟਿੰਗਵੇਲੇ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।ਚੋਣ ਮਾਹਰਾਂ ਦੀ ਰਾਏ ਸੀ ਕਿ ਸ਼ਿੰਜੋ ਅਬੇ ਦਾ ਕਤਲ ਪ੍ਰਧਾਨ ਮੰਤਰੀ ਕਿਸ਼ਿਦਾ ਅਤੇ ਐੱਲਡੀਐੱਫ ਨੂੰ ਹੋਰ ਮਜ਼ਬੂਤ ਕਰੇਗਾ। ਉਨ੍ਹਾਂ ਦਾ ਅਨੁਮਾਨ ਸੀ ਕਿ ਪਾਰਲੀਮੈਂਟ ਦੇ ਉਤਲੇ ਸਦਨ ਵਿਚ ਹਾਕਮ ਗਠਜੋੜ ਦੇ ਮੈਂਬਰਾਂ ਦੀ ਗਿਣਤੀ 55 ਤੋਂ ਵੱਧ ਕੇ 59-69 ਤੱਕਵੀ ਹੋ ਸਕਦੀ ਹੈ।ਇਸ ਅਨੁਮਾਨ ਵਿਚਾਲੇ ਨਾਰਾ ਤੋਂ ਐੱਲਡੀਐੱਫ ਉਮੀਦਵਾਰ ਕੇਈ ਸਾਤੋ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਦੇ ਕਤਲਪਿੱਛੋਂ ਵੀ ਅਸੀਂ ਚੋਣ ਪ੍ਰਚਾਰ ਜਾਰੀ ਰੱਖਿਆ ਸੀ, ਕਿਉਂਕਿ ਅਸੀਂ ਅੱਤਵਾਦ ਤੋਂ ਡਰਨਾ ਨਹੀਂ ਚਾਹੁੰਦੇ।

ਪਾਰਲੀਮੈਂਟ ਦੇ ਘੱਟ ਸ਼ਕਤੀਸ਼ਾਲੀ ਉਪਰਲੇ ਸਦਨ ਦੀਆਂ ਚੋਣਾਂ ਨੂੰ ਆਮ ਤੌਰ ਉੱਤੇ ਸਰਕਾਰ ਬਣਨ ਲਈ ਲੋਕ ਫਤਵੇ ਵਜੋਂ ਦੇਖਿਆ ਜਾਂਦਾ ਹੈ। ਇਸ ਵਿਚੋਂ ਵੱਡੀ ਜਿੱਤ ਹੀਰੋਸ਼ੀਮਾ ਦੇ ਸਾਬਕਾ ਬੈਂਕਰਫੂਮਿਓ ਕਿਸ਼ਿਦਾ ਦੀ ਸਰਕਾਰ ਨੂੰ ਮਜ਼ਬੂਤ ਕਰੇਗੀ ਅਤੇ ਫ਼ੌਜੀ ਖਰਚ ਵਧਾਉਣ ਦਾ ਟੀਚਾ ਪੂਰਾ ਕਰਨ ਵਿੱਚ ਮਦਦ ਕਰੇਗੀ।

# ਭਾਰਤ ਵਿੱਚ ਪਹਿਲੀ ਵਾਰ: ਕੈਦੀਆਂ ਦੇ ਸੁਧਾਰ ਲਈ ਜੇਲ੍ਹਾਂ ਵਿੱਚ 'ਡਰੱਗ ਸਕ੍ਰੀਨਿੰਗ' ਹੋਵੇਗੀ

ਚੰਡੀਗੜ੍ਹ, 10 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੀਆਂ ਜੇਲ੍ਹਾਂ ਨੂੰ ਨਸ਼ਿਆਂ ਤੋਂ ਮੁਕਤ ਬਣਾਉਣ ਤੇ ਕੈਦੀਆਂ ਦਾ ਨਸ਼ਾ ਛੁਡਾਊ ਇਲਾਜ ਕਰਨ ਤੇ ਮੁੜ ਵਸੇਬੇ ਲਈ ਪੰਜਾਬ ਸਰਕਾਰ ਨੇ ਅੱਜ ਜੇਲ੍ਹ ਸੁਧਾਰਾਂ ਵਾਸਤੇਭਾਰਤ ਵਿੱਚ ਆਪਣੀ ਤਰ੍ਹਾਂ ਦਾਪਹਿਲਾ ਕਦਮ ਚੁੱਕਿਆ ਤੇ ਕੈਦੀਆਂ ਵਿੱਚ ਨਸ਼ਿਆਂ ਦੀ ਵਰਤੋਂ ਲੱਭਣ ਲਈ 'ਡਰੱਗ ਸਕ੍ਰੀਨਿੰਗ ਸ਼ੁਰੂ ਕੀਤੀ ਹੈ। ਅੱਜ ਪਾਇਲਟ ਪ੍ਰੋਜੈਕਟ ਹੇਠਜ਼ਿਲ੍ਹਾ ਜੇਲ੍ਹ ਰੂਪਨਗਰ ਦੇ ਸਾਰੇ 950 ਕੈਦੀਆਂ ਦੀ ਜਾਂਚ ਕੀਤੀ ਗਈ। ਇਹ ਸਕ੍ਰੀਨਿੰਗ ਸਪੈਸ਼ਲ ਡੀਜੀਪੀ (ਜੇਲ੍ਹਾਂ) ਹਰਪ੍ਰੀਤ ਸਿੰਘ ਸਿੱਧੂ ਅਤੇ ਹੋਰ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਕੀਤੀ ਗਈ। ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਦੇ ਅਫਸਰਾਂ ਨੇ ਆਪੋ-ਆਪਣੀ ਜੇਲ੍ਹ ਵਿੱਚ ਮੁਹਿੰਮ ਚਲਾਉਣਾ ਸਿੱਖਣ ਲਈ ਇਸ ਮੁਹਿੰਮ ਵਿੱਚ ਹਿੱਸਾ ਲਿਆ। ਮੁਹਿੰਮ ਦੇ ਨਤੀਜੇ ਇੱਕ ਦਿਨ ਵਿੱਚਮਿਲ ਜਾਣਗੇ, ਜਿਸ ਪਿੱਛੋਂ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਇਸ ਮੌਕੇ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਰਾਜ-ਵਿਆਪੀ ਡਰੱਗ ਸਕਰੀਨਿੰਗ ਪ੍ਰੋਜੈਕਟ ਦਾ ਉਦੇਸ਼ ਜੇਲ੍ਹਾਂ ਨੂੰ ਨਸ਼ਿਆਂ ਤੋਂ ਮੁਕਤ ਕਰਨ ਦੇ ਨਾਲ-ਨਾਲ ਨਸ਼ਿਆਂ ਦਾ ਸ਼ਿਕਾਰਕੈਦੀਆਂਦਾ ਨਸ਼ਾ ਛੁਡਾਉਣ ਲਈ ਉਨ੍ਹਾਂ ਦਾ ਇਲਾਜ ਕਰਾਉਣ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਪ੍ਰਬੰਧ ਕਰਨਾ ਹੈ। ਮੰਤਰੀ ਬੈਂਸ ਨੇ ਕਿਹਾ, "ਇਹ ਪਹਿਲੀ ਵਾਰ ਹੈ ਕਿ ਕਿਸੇ ਜੇਲ੍ਹ ਦੇ ਕੈਦੀਆਂ ਦੀ ਸਮੁੱਚੀ ਗਿਣਤੀ ਨੂੰ ਨਸ਼ੀਲੇ ਪਦਾਰਥਾਂ ਦੀ ਜਾਂਚ ਲਈ ਇੱਕੋ ਦਿਨਕਵਰ ਕਰਨ ਵਾਸਤੇ ਇੰਨੀ ਵੱਡੀ ਮੁਹਿੰਮ ਚਲਾਈ ਗਈ ਹੈ ਤੇ ਇਹ ਮੁਹਿੰਮ ਪੰਜਾਬ ਦੀਆਂ ਸਭ ਜੇਲ੍ਹਾਂ ਵਿੱਚ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਨਸ਼ੀਲੇ ਪਦਾਰਥਾਂ ਦੇ ਰੋਗੀ ਕੈਦੀਆਂ ਦੀ ਪਛਾਣ ਵਿੱਚ ਮਦਦ ਕਰੇਗਾ, ਜੋ ਜੇਲ੍ਹ ਵਿਚਲੇ ਕਲੀਨਿਕਾਂ/ਨਸ਼ਾ ਛੁਡਾਊ ਕੇਂਦਰਾਂ ਵਿੱਚ ਅਜੇ ਤੱਕ ਇਲਾਜ ਨਹੀਂ ਕਰਵਾ ਰਹੇ।

# ਝੋਨੇ ਦੀ ਸਿੱਧੀ ਬਿਜਾਈ ਦਾ ਮਾਮਲਾ: ਮੁੱਖ ਮੰਤਰੀ ਨੇ 1500 ਰੁਪਏ ਪ੍ਰਤੀ ਏਕੜ ਦੇਣ ਲਈ ਕੇਂਦਰ ਸਰਕਾਰ ਨੂੰ ਪੱਤਰ ਲਿਖਿਆ

ਚੰਡੀਗੜ੍ਹ, 10 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਪੰਜਾਬ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇਣ ਲਈ ਕੇਂਦਰ ਸਰਕਾਰ ਪੰਜਾਬ ਨੂੰ 450 ਕਰੋੜ ਰੁਪਏ ਦੇ ਫੰਡ ਦੇਵੇ।

ਅਸਲ ਵਿੱਚ ਝੋਨੇ ਦੀ ਸਿੱਧੀ ਬਿਜਾਈ ਦੇ ਸਰਕਾਰੀ ਐਲਾਨ ਵਿਰੁੱਧ ਸੰਘਰਸ਼ ਵਿੱਢਣ ਵਾਲੇ ਕਿਸਾਨਾਂ ਨੂੰ ਮਨਾਉਣ ਲਈ ਭਗਵੰਤ ਮਾਨ ਸਰਕਾਰ ਨੇ ਐਲਾਨ ਕੀਤਾ ਸੀ ਕਿ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ 1500 ਰੁਪਏ ਪ੍ਰਤੀ ਏਕੜ ਦਿੱਤੇ ਜਾਣਗੇ। ਇਸ ਦੇ ਲਈ ਪੰਜਾਬ ਕੈਬਨਿਟ ਨੇ ਬੀਤੀ 18 ਮਈ ਨੂੰ 450 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਸੀ। ਕੈਬਨਿਟ ਦੇ ਫੈਸਲੇ ਪਿੱਛੋਂ ਮੁੱਖ ਮੰਤਰੀ ਨੇ ਕੇਂਦਰੀ ਖੇਤੀ ਮੰਤਰੀ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਕਿ ਇਸ ਮਕਸਦ ਲਈ ਪੰਜਾਬ ਨੂੰ ਕੌਮੀ ਖੇਤੀ ਵਿਕਾਸ ਯੋਜਨਾ (ਆਰ ਕੇ ਵੀ ਵਾਈ) ਹੇਠ 450 ਕਰੋੜ ਰੁਪਏ ਦਿੱਤੇ ਜਾਣ। ਪੱਤਰ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜ਼ਮੀਨਦੋਜ਼ ਪਾਣੀ ਹੇਠਾਂ ਜਾਣ ਕਾਰਨ ਸਰਕਾਰ ਨੇ 'ਜਲ ਬਚਾਓ ਮੁਹਿੰਮ' ਚਲਾਈ ਹੈ, ਜਿਸ ਦੇ ਤਹਿਤ ਝੋਨੇ ਹੇਠਲੇ ਸੱਤਰ ਲੱਖ ਏਕੜ ਰਕਬੇ ਵਿੱਚੋਂ ਤੀਹ ਲੱਖ ਏਕੜ ਸਿੱਧੀ ਬਿਜਾਈ ਹੇਠ ਲਿਆਉਣ ਦੀ ਯੋਜਨਾ ਹੈ। ਇਸ ਲਈ ਤੀਹ ਲੱਖ ਏਕੜ ਲਈ 1500 ਰੁਪਏ ਪ੍ਰਤੀ ਏਕੜ ਕਿਸਾਨਾਂ ਨੂੰ ਦੇਣ ਲਈ 450 ਕਰੋੜ ਰੁਪਏ ਪੰਜਾਬ ਨੂੰ ਫੰਡ ਦਿੱਤੇ ਜਾਣ।

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਨਰਲ ਸੈਕਟਰੀ ਜਗਮੋਹਨ ਸਿੰਘ ਪਟਿਆਲਾ ਦਾਕਹਿਣਾ ਹੈ ਕਿ ਪੰਜਾਬ ਸਰਕਾਰ ਨੇਪਿਛਲੇ ਦਿਨੀਂ ਬਜਟ ਸੈਸ਼ਨ ਵਿੱਚਇਸ ਵਾਸਤੇ ਕੁਝ ਨਹੀਂ ਰੱਖਿਆ ਅਤੇ ਗਰੀਬ ਕਿਸਾਨ ਕਿਰਤੀ ਪਰਵਾਰਾਂ ਨੂੰ ਅਣਗੌਲਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਤੋਂ ਮੰਗਣ ਦੀ ਥਾਂਸਰਕਾਰ ਨੂੰਕਿਸਾਨਾਂ ਨੂੰ 1500 ਰੁਪਏ ਏਕੜ ਦੇਣ ਲਈ ਖੁਦ ਅਦਾਇਗੀ ਕਰਨੀ ਚਾਹੀਦੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜ਼ਾ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARRANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS
Afgani Chicken Tikka $8.99 lb.
Goat Leg $5.99 lb.
Amritsari Fish Pakora $5.99 lb.
and much more!
SERVING AT 3 LOCATIONS
25 KINGS CROSS RD, #1, BRAMPTON, ON | (905) 790-3486
25 CHERRY CREST DR, BRAMPTON, ON | 905-913-1114
65 BRAYDON BLVD, #7A, BRAMPTON, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERING (MINIMUM 30 PEOPLE)
Visit: www.freshbiteandmeat.com

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1, Brampton, ON L6T 5T1

# ਪੰਜਾਬ ਸਰਕਾਰ ਸੂਬਾ ਵਾਸੀਆਂ ਨਾਲ ਕੀਤਾ ਹਰ ਵਾਅਦਾ ਕਰੇਗੀ ਪੂਰਾ

## ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ, ਨਸ਼ਿਆਂ ਦਾ ਖ਼ਾਤਮਾ, ਸਿਹਤ ਤੇ ਸਿੱਖਿਆ ਸਹੂਲਤਾਂ ਦਾ ਵਿਸਥਾਰ ਕਰਨਾ ਸਰਕਾਰ ਦਾ ਪਹਿਲਾ ਮਕਸਦ : ਫੌਜਾ ਸਿੰਘ

ਗੁਰੂਹਰਸਹਾਏ/ਫਿਰੋਜ਼ਪੁਰ, 10 ਜੁਲਾਈ (ਗਿਆਨ ਸਿੰਘ) : ਆਜ਼ਾਦੀ ਘੁਲਾਟੀਏ, ਰੱਖਿਆ ਸੇਵਾਵਾਂ, ਫੂਡ ਪ੍ਰੋਸੈਸਿੰਗ ਅਤੇ ਬਾਗਬਾਨੀ ਬਾਰੇ ਮੰਤਰੀ ਸ੍ਰ ਫੌਜਾ ਸਿੰਘ ਸਰਾਰੀ ਦਾ ਆਪਣੇ ਹਲਕੇ ਗੁਰੂਹਰਸਹਾਏ ਤੇ ਫਿਰੋਜ਼ਪੁਰ ਵਿਖੇ ਪਹੁੰਚਣ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ, ਪਾਰਟੀ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਕੈਬਿਨੇਟ ਮੰਤਰੀ ਬਣਨ ਤੇ ਵਧਾਈਆਂ ਦਿੱਤੀਆਂ ਗਈਆਂ।

ਇਸ ਮੌਕੇ ਕੈਬਿਨੇਟ ਮੰਤਰੀ ਨੇ ਆਪਣੇ ਹਲਕੇ ਦੇ ਵੋਟਰਾਂ ਦਾ ਭਾਰੀ ਬਹੁਮਤ ਨਾਲ ਜਿਤਾ ਕੇ ਪੰਜਾਬ ਵਿਧਾਨ ਸਭਾ ਵਿੱਚ ਭੇਜਣ ਲਈ ਧੰਨਵਾਦ ਕੀਤਾ। ਉਨ੍ਹਾਂ ਆਪਣੀ ਕੈਬਿਨੇਟ ਮੰਤਰੀ ਵਜੋਂ ਨਿਯੁਕਤੀ ਲਈ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਵੀ ਧੰਨਵਾਦ ਕੀਤਾ।

ਫੌਜਾ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਰਾਜ ਦੀ ਤਰੱਕੀ ਤੇ ਹਰੇਕ ਵਰਗ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ ਤੇ ਸੂਬੇ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਪਹਿਲਾ ਮਕਸਦ ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ, ਨਸ਼ਿਆਂ ਦਾ ਖ਼ਾਤਮਾ, ਸਿਹਤ ਤੇ ਸਿੱਖਿਆ ਸਹੂਲਤਾਂ ਦਾ ਵਿਸਥਾਰ ਕਰਨਾ ਹੈ ਤਾਂ ਜੋ ਹਰ ਨਾਗਰਿਕ ਨੂੰ ਵਧੀਆ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਲੋਕਾਂ ਦੀਆਂ ਉਮੀਦਾਂ ਤੇ ਪੂਰਾ ਉਤਰਨ ਲਈ ਕੋਈ ਵੀ ਕਸਰ ਨਹੀਂ ਛੱਡੇਗੀ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਸੂਬੇ ਦੀ ਭਲਾਈ ਲਈ ਕੰਮ ਕਰੇਗੀ ਪ੍ਰੰਤੂ ਭ੍ਰਿਸ਼ਟਾਚਾਰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਸਰਹੱਦੀ ਇਲਾਕਿਆਂ 'ਚ ਉਚੇਰੀ ਸਿੱਖਿਆ ਅਤੇ ਵਧੀਆ ਸਿਹਤ ਸਹੂਲਤਾਂ ਯਕੀਨੀ ਬਣਾਉਣ ਲਈ ਪੂਰੇ ਯਤਨ ਕੀਤੇ ਜਾਣਗੇ।

ਇਸ ਤੋਂ ਪਹਿਲਾਂ ਫ਼ਿਰੋਜ਼ਪੁਰ ਪਹੁੰਚਣ 'ਤੇ ਉਨ੍ਹਾਂ ਨੂੰ ਪੰਜਾਬ ਪੁਲੀਸ ਦੀ ਟੁਕੜੀ ਵੱਲੋਂ ਗਾਡ ਆਫ਼ ਆਨਰ ਦਿੱਤਾ ਗਿਆ ਅਤੇ ਵੱਖ-ਵੱਖ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਫੁੱਲਾ ਦਾ ਗੁਲਦਸਤਾ ਦੇ ਕੇ ਸਗਾਵਤ ਕੀਤਾ ਗਿਆ।

ਕੈਬਿਨੇਟ ਮੰਤਰੀ ਫੌਜਾ ਸਿੰਘ ਦਾ ਹਲਕੇ ਵਿੱਚ ਪ੍ਰਵੇਸ਼ ਕਰਨ 'ਤੇ ਤਲਵੰਡੀ ਭਾਈ, ਫਿਰੋਜ਼ਪੁਰ, ਮਮਦੋਟ, ਗੋਲੂ ਕਾ ਮੋੜ ਗੁਰੂਹਰਸਹਾਏ ਵਿਖੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ, ਪਾਰਟੀ ਵਰਕਰਾਂ ਅਤੇ ਅਹੁਦੇਦਾਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਨਾਲ ਫਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਰਜਨੀਸ਼ ਦਹੀਯਾ, ਜ਼ੀਰਾ ਤੋਂ ਵਿਧਾਇਕ ਨਰੇਸ਼ ਕਟਾਰੀਆ, ਐਸਐਸਪੀ ਚਰਨਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਅਮਿਤ ਮਹਾਜਨ, ਕੁਲਦੀਪ ਭੁੱਲਰ, ਜਿਲ੍ਹਾ ਪ੍ਰਧਾਨ ਚੰਦ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਦੇ ਅਹੁਦੇਦਾਰ ਤੇ ਇਲਾਕਾ ਨਿਵਾਸੀ ਹਾਜ਼ਰ ਸਨ।




## ਛੋਟਾ ਹਾਥੀ ਪਲਟ ਜਾਣ ਨਾਲ ਇੱਕ ਵਿਅਕਤੀ ਦੀ ਮੌਤ

ਤਰਨ ਤਾਰਨ, 10 ਜੁਲਾਈ (ਪੋਸਟ ਬਿਊਰੋ)- ਇਸ ਜ਼ਿਲੇ ਵਿਚ ਪਿੰਡ ਬੰਨ੍ਹ ਭਊਵਾਲ ਵਿਖੇ ਤੇਜ਼ ਰਫਤਾਰ ਛੋਟਾ ਹਾਥੀ ਪਲਟ ਜਾਣ ਕਰ ਕੇ 1 ਵਿਅਕਤੀ ਦੀ ਮੌਤ ਹੋ ਜਾਣ ਦੀ ਖਬਰ ਮਿਲੀ ਹੈ। ਪੁਲਸ ਨੂੰ ਦਰਜ ਦਿਤੇ ਬਿਆਨ ਵਿਚ ਰਾਹੁਲ ਨੇ ਦੱਸਿਆ ਕਿ ਉਹ ਆਪਣੇ ਸਾਥੀ ਸਲੀਮ ਉਰਫ ਭੱਟੀ ਦੇ ਨਾਲ ਫਿਰੋਜ਼ਪੁਰ ਤੋਂ ਕਚਾਲੂ ਖਰੀਦ ਕੇ ਆਪਣੇ ਸਾਥੀ ਲਵਪ੍ਰੀਤ ਸਿੰਘ ਨਾਲ ਛੋਟਾ ਹਾਥੀ ਵਿਚ ਅੰਮ੍ਰਿਤਸਰ ਮੰਡੀ ਜਾ ਰਹੇ ਸੀ। ਛੋਟਾ ਹਾਥੀ ਪ੍ਰਸ਼ੋਤਮ ਉਰਫ ਬੱਬਨ ਚਲਾ ਰਿਹਾ ਸੀ। ਅਸੀਂ ਕਈ ਵਾਰ ਉਸ ਨੂੰ ਹੌਲੀ ਰਫਤਾਰ ਵਿਚ ਟੈਂਪੂ ਚਲਾਉਣ ਲਈ ਕਿਹਾ। ਡਰਾਈਵਰ ਨੇ ਟੈਂਪੂ ਹੌਲੀ ਨਹੀਂ ਕੀਤਾ ਅਤੇ ਬੰਨ੍ਹ ਭਊਵਾਲ ਕੋਲ ਜਾ ਕੇ ਅਚਾਨਕ ਟੈਂਪੂ ਪਲਟ ਗਿਆ। ਉਹ ਅਤੇ ਉਸ ਦਾ ਸਾਥੀ ਸਲੀਮ ਖੇਤਾਂ ਵਿਚ ਜਾ ਡਿਗੇ ਅਤੇ ਸਲੀਮ ਦੇ ਵੱਧ ਸੱਟਾਂ ਹੋਣ ਕਾਰਨ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਰੋਜ਼ਪੁਰ ਦਾਖਲ ਕਰਵਾ ਦਿੱਤਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।ਪੁਲਸ ਨੇ ਲਾਪਰਵਾਹੀ ਨਾਲ ਟੈਂਪੂ ਚਲਾਉਣ ਦੇ ਦੋਸ਼ ਹੇਠ ਡਰਾਈਵਰ ਪ੍ਰਸ਼ੋਤਮ ਵਿਰੁੱਧ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage

Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769




STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



204-333-9000, 416-818-3777

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 31 ਸਾਲ ਕੱਦ 5 ਫੁੱਟ 6 ਇੰਚ ਕੈਨੇਡੀਅਨ ਸਿਟੀਜ਼ਨ ਪਰਿਵਾਰਕ ਲੜਕੀ ਲਈ ਪੜ੍ਹੇ ਲਿਖੇ ਵੈੱਲ ਸੈਟਲਡ ਪਰਿਵਾਰਕ ਲੜਕੇ ਦੀ ਲੋੜ਼ ਹੈ ਜਾਣਕਾਰੀ ਲਈ 6475268700, 4166253208

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਲੜਾਈ ਗੈਂਗਾਂ ਤੇ ਗੈਂਗਸਟਰਾਂ ਵਿਰੁੱਧ ਹੋਵੇ ਜਾਂ ਭ੍ਰਿਸ਼ਟਾਚਾਰ ਦੇ, ਇਹ ਕੰਮ ਏਨਾ ਸੌਖਾ ਨਹੀਂ





ਜਤਿੰਦਰ ਪੰਨੂ

ਜੁਲਾਈ ਦੇ ਦੂਸਰੇ ਹਫਤੇ ਨਾਲ ਪੰਜਾਬ ਵਿੱਚ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੀ ਉਮਰ ਦੇ ਪਹਿਲੇ ਚਾਰ ਮਹੀਨੇ ਨਹੀਂ, ਆਪਣੀ ਪੰਜ ਸਾਲਾ ਮਿਆਦ ਦਾ ਪੰਦਰਵਾਂ ਹਿੱਸਾ ਗੁਜ਼ਾਰ ਚੁੱਕੀ ਹੈ। ਇਸ ਦੌਰਾਨ ਕੁਝ ਚੰਗਾ ਵੀ ਇਸ ਨੇ ਕੀਤਾ ਸੁਣਿਆ ਜਾਂਦਾ ਰਿਹਾ, ਕੁਝ ਗੱਲਾਂ ਵਿੱਚ ਇਸ ਦੀ ਨੁਕਤਾਚੀਨੀ ਵੀ ਹੁੰਦੀ ਰਹੀ ਅਤੇ ਹਾਲੇ ਤੱਕ ਹੁੰਦੀ ਹੈ, ਜਿਹੜੀ ਸਮੇਂ ਦੇ ਨਾਲ-ਨਾਲ ਵਧਦੀ ਜਾਣੀ ਹੈ। ਵਿਰੋਧੀ ਧਿਰਾਂ ਨੂੰ ਨੁਕਤਾਚੀਨੀ ਕਰਨ ਦਾ ਹੱਕ ਵੀ ਹੈ ਤੇ ਜ਼ਿੰਮੇਵਾਰੀ ਵੀਉਨ੍ਹਾਂ ਦੀ ਹੈ ਕਿ ਸਮੇਂ ਦੀ ਸਰਕਾਰ ਨੂੰ ਚੋਭਾਂ ਲਾਉਂਦੇ ਰਹਿਣ, ਤਾਂ ਜੁ ਇੱਕ ਪਾਸੇ ਆਮ ਲੋਕਾਂ ਵਿੱਚ ਸਰਕਾਰ ਮਾੜੀ ਕਹਿ ਕੇ ਆਪਣੇ ਲਈ ਆਧਾਰ ਬਣਾ ਸਕਣ ਤੇ ਇਸ ਤੋਂ ਬਿਨਾਂ ਲੋਕਤੰਤਰ ਵਿੱਚ ਰਾਜ ਕਰਦੀ ਧਿਰ ਨੂੰ ਸੁਚੇਤ ਕਰਨਾ ਵੀ ਵਿਰੋਧੀ ਧਿਰ ਦੀ ਅਹਿਮ ਜ਼ਿਮੇਵਾਰੀ ਹੁੰਦੀ ਹੈ, ਵਰਨਾਹ-ਕਮ ਧਿਰ ਬੇਲਗਾਮ ਹੋ ਸਕਦੀ ਹੈ। ਇਸ ਗੱਲੋਂ ਤਸੱਲੀ ਕੀਤੀ ਜਾ ਸਕਦੀ ਹੈ ਕਿ ਜੇ ਸਰਕਾਰ ਕਹਿੰਦੀ ਹੈ ਕਿ ਉਹ ਕੰਮ ਕਰ ਰਹੀ ਹੈ ਤਾਂ ਵਿਰੋਧੀ ਧਿਰ ਵੀ ਸੁੱਤੀ ਨਹੀਂ।

ਜਿੱਥੋਂ ਤੱਕ ਨਵੀਂ ਬਣੀ ਸਰਕਾਰ ਦੀਆਂਚੁਣੌਤੀਆਂ ਦਾ ਸੰਬੰਧ ਹੈ, ਅਸੀਂ ਇਸ ਵਹਿਮ ਵਿੱਚ ਨਹੀਂ ਕਿ ਇਹ ਸਭ ਕੁਝ ਕਰ ਵਿਖਾਵੇਗੀ, ਕਈ ਮੁੱਦੇ ਇਹੋ ਜਿਹੇ ਹੋਇਆ ਕਰਦੇ ਹਨ, ਜਿਨ੍ਹਾਂ ਦਾ ਹੱਲ ਰਾਜ ਸਰਕਾਰ ਚਲਾਉਣ ਵਾਲੀ ਧਿਰ ਦੇ ਵੱਸ ਵਿੱਚ ਨਹੀਂ ਹੁੰਦੇ, ਪਰ ਕੁਝ ਮੁੱਦੇ ਉਹ ਹੱਲ ਕਰ ਸਕਦੀ ਹੈ। ਸਰਕਾਰ ਦਾ ਦਾਅਵਾ ਹੈ ਕਿ ਉਹ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਦਾ ਖਾਤਮਾ ਕਰ ਦੇਵੇਗੀ, ਇਸ ਬਾਰੇ ਗੱਲ ਅਸੀਂ ਬਾਅਦ ਵਿੱਚ ਕਰ ਸਕਦੇ ਹਾਂ, ਪਹਿਲਾਂ ਹਾਕਮ ਧਿਰ ਦੇ ਇਸ ਦਾਅਵੇ ਦੀ ਗੱਲ ਕਰਨੀ ਬਣਦੀ ਹੈ ਕਿ ਉਹ ਇਸ ਰਾਜ ਵਿੱਚ ਗੈਂਗਾਂ ਅਤੇ ਗੈਂਗਸਟਰਾਂ ਨੂੰ ਨੱਥ ਪਾ ਦੇਵਗੀ ਅਤੇ ਅਮਨ-ਕਾਨੂੰਨ ਨੂੰ ਕੋਈ ਚੁਣੌਤੀ ਨਹੀਂ ਰਹੇਗੀ। ਅਸੀਂ ਇਸ ਨੂੰ ਇਹੋ ਜਿਹਾ ਸੁਫਨਾ ਸਮਝਦੇ ਹਾਂ, ਜਿਸ ਦੇ ਸਿਰੇ ਲੱਗਣ ਦੀ ਆਸ ਸਿਰਫ ਇੱਕ ਰਾਜ ਦੀ ਸਰਕਾਰ ਨਹੀਂ ਬੰਨ੍ਹਾ ਸਕਦੀ। ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਅਤੇ ਉਸ ਦੇ ਬਾਅਦ ਹੁੰਦੀ ਜਾਂਚ ਦੇ ਲੰਮੇ ਖਿਲਾਰੇ ਤੋਂ ਇਸ ਦਾਅਵੇ ਦੀ ਕਚਿਆਈ ਦਾ ਪਤਾ ਲੱਗ ਸਕਦਾ ਹੈ।

ਸਿੱਧੂ ਮੂਸੇਵਾਲਾ ਦਾ ਕਤਲ ਹੋਣ ਪਿੱਛੋਂ ਪੰਜਾਬ ਪੁਲਸ ਨੇ ਆਪਣੀ ਥਾਂ ਜਾਂਚ ਕਰਨੀ ਸ਼ੁਰੂ ਕੀਤੀ ਤੇ ਉਹ ਗਵਾਂਢੀ ਰਾਜ ਹਰਿਆਣਾ ਵਿੱਚ ਰਹਿੰਦੇ ਵੱਡੇ ਸੂਟਰ ਪ੍ਰਿਆਵਰਤ ਫੌਜੀ ਦੇ ਘਰ ਤੱਕ ਜਾ ਪੁੱਜੀ ਤਾਂ ਪੰਜਾਬ ਦੇ ਨਾਲ ਹਰਿਆਣਾ ਦੀ ਪੁਲਸ ਵੀ ਜਾਂਚ ਵਿੱਚ ਜੁੜ ਗਈ। ਇਸ ਦੌਰਾਨ ਦਿੱਲੀ ਪੁਲਸ ਨੇ ਲਾਰੈਂਸ ਬਿਸ਼ਨੋਈ ਦਾ ਇੱਕ ਚਾਟੜਾ ਫੜ ਲਿਆ ਅਤੇ ਉਸ ਤੋਂ ਖੁਲਾਸਾ ਹੋ ਗਿਆ ਕਿ ਐਕਟਰ ਸਲਮਾਨ ਖਾਨ ਨੂੰ ਮਾਰਨ ਦੀ ਸਾਜ਼ਿਸ਼ ਵੀ ਉਹੋ ਗੈਂਗ ਬਣਾ ਰਿਹਾ ਸੀ, ਜਿਸ ਨੇ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਸੀ। ਇਸ ਨਾਲ ਤੀਸਰਾ ਰਾਜ ਦਿੱਲੀ ਇਸ ਵਿੱਚ ਆ ਗਿਆ। ਜਾਂਚ ਹੋਰ ਅੱਗੇ ਵਧੀ ਤਾਂ ਪਤਾ ਲੱਗਾ ਕਿ ਕਤਲ ਕਰਨ ਵਾਲੇ ਕੁਝਸੂਟਰ ਮਹਾਰਾਸ਼ਟਰ ਦੇ ਵੱਡੇ ਗੈਂਗਸਟਰ ਅਰੁਣ ਗਾਵਲੀ ਤੋਂ ਉਧਾਰੇ ਲਏ ਸਨ, ਜਿਹੜਾ ਅੱਜਕੱਲ੍ਹ ਪੁਣੇ ਦੀ ਜੇਲ੍ਹ ਵਿੱਚ ਹੈ। ਇਸ ਖੁਲਾਸੇ ਨਾਲ ਚੌਥੇ ਰਾਜ ਮਹਾਰਾਸ਼ਟਰ ਦੀ ਪੁਲਸ ਇਸ ਵਿੱਚ ਆ ਗਈ। ਪੰਜਾਬ ਤੋਂ ਭੱਜਿਆ ਕਾਤਲਾਂ ਦਾ ਇੱਕ ਸਾਥੀ ਉੱਤਰਾ ਖੰਡ ਤੋਂ ਫੜੇ ਜਾਣ ਨਾਲ ਉਸ ਪੰਜਵੇਂ ਰਾਜ ਦੀ ਪੁਲਸ ਵੀ ਸ਼ਾਮਲ ਹੋ ਗਈ ਅਤੇ ਫਿਰ ਇੱਕ ਕਾਤਲ ਰਾਜਸਥਾਨ, ਇੱਕ ਉੱਤਰ ਪ੍ਰਦੇਸ਼ ਅਤੇ ਉਨ੍ਹਾਂ ਨੂੰ ਮੋਬਾਈਲ ਦੇ ਸਿੰਮ ਦੇਣ ਵਾਲਾ ਬੰਦਾ ਗੁਜਰ-ਾਤ ਦਾ ਹੋਣ ਕਾਰਨ ਓਥੋਂ ਦੀ ਪੁਲਸ ਮਿਲਾ ਕੇ ਅੱਠ ਰਾਜਾਂ ਦੀ ਪੁਲਸ ਇਸ ਕਤਲ ਕੇਸ ਦੀ ਜਾਂਚ ਵਿੱਚ ਸ਼ਾਮਲ ਹੋ ਗਈਆਂ। ਅੱਗੋਂ ਇਹ ਕੇਸ ਜਿਸ ਵੱਡੇ ਖਿਲਾਰੇ ਦਾ ਅੰਸ਼ ਦਿਖਾਈ ਦੇ ਰਿਹਾ ਹੈ, ਭਾਰਤ ਦੇ ਕਿੰਨੇ ਹੋਰ ਰਾਜਾਂ ਵਾਲੀ ਪੁਲਸ ਇਸ ਵਿੱਚ ਸ਼ਾਮਲ ਹੋ ਸਕਦੀ ਹੈ, ਅੱਜ ਦੀ ਘੜੀ ਇਹ ਕਹਿਣਾ ਕਿਸੇ ਲਈ ਵੀ ਔਖਾ ਹੈ। ਸਾਨੂੰ ਇੱਕ ਤੇਈ ਸਾਲ ਪੁਰਾਣੀ ਘਟਨਾ ਯਾਦ ਹੈ। ਪੰਜਾਬ ਦੇ ਕੁਝ ਮੁੰਡਿਆਂ ਨੇ ਹਰਿਆਣੇ ਦੇ ਇੱਕ ਕਾਰੋਬਾਰੀ ਨੂੰ ਚੰਡੀਗੜ੍ਹ ਤੋਂ ਅਗਵਾ ਕੀਤਾ ਸੀ ਅਤੇ ਹਿਮਾਚਲ ਪ੍ਰਦੇਸ਼ ਵਿੱਚ ਰੱਖਿਆ ਸੀ। ਇਸ ਤਰ੍ਹਾਂ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਦੇ ਚਾਰ ਰਾਜ ਬਣ ਗਏ। ਉਸ ਦੀ ਫਿਰੌਤੀ ਲਈ ਗੱਲਬਾਤ ਮੁੰਬਈ ਵਿੱਚ ਹੋਈ, ਪੈਸਿਆਂ ਦਾ ਭੁਗਤਾਨ ਬੰਗਲੌਰ ਵਿੱਚ ਹੋਇਆ ਅਤੇ ਬੰਦਾ ਪਟਨੇ ਵਿੱਚ ਛੱਡੇ ਜਾਣ ਨਾਲ ਮਹਾਰਾਸ਼ਟਰ, ਕਰਨਾਟਕ ਅਤੇ ਬਿਹਾਰ ਦੇ ਤਿੰਨ ਹੋਰ ਰਾਜ ਇਸ ਕੇਸ ਵਿੱਚ ਉਲਝ ਗਏ। ਸੱਤ ਰਾਜਾਂ ਵਿੱਚ ਇਸ ਘਟਨਾ ਦੀ ਪੈੜ ਜਾਂਦੀ ਸੀ ਤੇ ਪਰਚਾ ਕਿਸੇ ਇੱਕ ਰਾਜ ਵਿੱਚ ਵੀ ਦਰਜ ਨਹੀਂ ਸੀ ਹੋਇਆ, ਕਿਉਂਕਿ ਹਰ ਥਾਂ ਦੀ ਪੁਲਸ ਦੂਸਰਿਆਂ ਨੂੰ ਕੇਸ ਦਰਜ ਕਰਨ ਨੂੰ ਕਹਿੰਦੀ ਸੀ ਤਾਂ ਕਿ ਉਸ ਦੇ ਆਪਣੇ ਰਾਜ ਦੇ ਜੁਰਮਾਂ ਦੇ ਰਿਕਾਰਡ ਦਾ ਵਾਧਾ ਨਾ ਗਿਣਿਆ ਜਾਵੇ। ਓਦੋਂ ਪੰਜਾਬ ਵਿੱਚ ਅਕਾਲੀ-ਭਾਜਪਾ ਰਾਜ ਸੀ, ਹਰਿਅਣੇ ਵਿੱਚ ਇਨੈਲੋ ਪਾਰਟੀ ਦਾ ਤੇ ਜਿਸ ਚੰਡੀਗੜ੍ਹ ਤੋਂ ਬੰਦਾ ਅਗਵਾ ਹੋਇਆ, ਉਹ ਕੇਂਦਰ ਦੀ ਸਰਕਾਰ ਵਾਜਪਾਈ ਸਾਹਿਬ ਦੇ ਕੰਟਰੋਲ ਵਿੱਚ ਸੀ। ਜਿੱਥੇ ਹਿਮਾ-ਚਲ ਪ੍ਰਦੇਸ਼ ਵਿੱਚ ਬੰਦਾ ਰੱਖਿਆ ਸੀ, ਓਥੇ ਭਾਜਪਾ ਦੀ ਸਰਕਾਰ ਸੀ ਤੇ ਜਿਸ ਮੁੰਬਈ ਵਿੱਚ ਸੌਦਾ ਮਾਿ-ਰਆ, ਓਥੇ ਕਾਂਗਰਸ ਰਾਜ ਕਰਦੀ ਸੀ, ਪੈਸੇ ਦੇ ਭੁਗਤਾਨ ਵਾਲੇ ਕਰਨਾਟਕ ਵਿੱਚ ਵੀ ਕਾਂਗਰਸ ਦਾ ਰਾਜ ਸੀ ਤੇ ਜਿੱਥੇ ਬੰਦਾ ਛੱਡਿਆ ਗਿਆ ਸੀ, ਉਸ ਪਟਨੇ ਵਿੱਚ ਲਾਲੂ ਪ੍ਰਸਾਦ ਦੀ ਪਤਨੀ ਰਾਬੜੀ ਦੇਵੀ ਰਾਜ ਕਰਦੀ ਸੀ। ਸਾਰੇ ਰੰਗਾਂ ਵਾਲੀਆਂ ਪਾਰਟੀਆਂ ਨੇ ਆਪੋ-ਆਪਣੇ ਰਾਜ ਵਿੱਚ ਕੇਸ ਨਹੀਂ ਸੀ ਦਰਜ ਹੋਣ ਦਿੱਤਾ।

ਅੱਜ ਜਦੋਂ ਇੱਕ ਵਾਰ ਫਿਰ ਸਿੱਧੂ ਮੂਸੇਵਾਲਾ ਕੇਸ ਦੀਆਂ ਤੰਦਾਂ ਇੱਕੋ ਵੇਲੇ ਅੱਠ ਰਾਜਾਂ ਤੱਕ ਜਾ ਜੁੜੀਆਂ ਹਨ ਤੇ ਅਜੇ ਹੋਰ ਪਤਾ ਨਹੀਂ ਕਿੰਨੇ ਰਾਜਾਂ ਤੱਕ ਚਲੇ ਜਾਣਗੀਆਂ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਦਾਅਵੇ ਕਰਨੇ ਹੋਰ ਗੱਲ ਹੈ ਤੇ ਗੈਂਗਾਂ ਜਾਂ ਗੈਂਗਸਟਰਾਂ ਨੂੰ ਖੂੰਜੇ ਲਾਉਣਾ ਹੋਰ ਗੱਲ। ਭਾਰਤ ਵਿੱਚ ਇੰਟਰ-ਸਟੇਟ ਗੈਂਗ ਇਸ ਹੱਦ ਤੱਕ ਫੈਲ ਚੁੱਕੇ ਹਨ ਤੇ ਏਦਾਂ ਆਪਸੀ ਤਾਲਮੇਲ ਨਾਲ ਚੱਲਦੇ ਹਨ ਕਿ ਉਨ੍ਹਾਂ ਨੂੰ ਨੱਥ ਪਾਉਣ ਲਈ ਵੀ ਓਸੇ ਤਾਲਮੇਲ ਦੀ ਲੋੜ ਹੈ। ਸਮੁੱਚੇ ਦੇਸ਼ ਵਿੱਚ ਜਿਹੋ ਜਿਹਾ ਮਾਹੌਲ ਹੈ, ਇੱਕ ਰਾਜ ਦੀ ਸਰਕਾਰ ਦੂਸਰੇ ਰਾਜ ਨਾਲ ਅਤੇ ਇਸ ਤੋਂ ਅੱਗੇ ਕੇਂਦਰੀ ਸਰਕਾਰ ਦੇ ਨਾਲ ਬਹੁਤੇ ਰਾਜਾਂ ਦਾ ਤਾਲਮੇਲ ਠੀਕ ਨਹੀਂ। ਇਸ ਲਈ ਇਸ ਸਾਂਝੀ ਕਾਰਵਾਈ ਦੀ ਬਹੁਤੀ ਆਸ ਨਹੀਂ ਰਹਿੰਦੀ।

ਬਾਕੀ ਰਹਿ ਗਈ ਗੱਲ ਭ੍ਰਿਸ਼ਟਾਚਾਰ ਖਤਮ ਕਰਨ ਦੀ, ਪੰਜਾਬ ਸਰਕਾਰ ਦਾ ਮੁਖੀ ਜੋ ਵੀ ਕਹੀ ਜਾਵੇ, ਪੰਜਾਬ ਦੇ ਲੋਕ ਇਸ ਬਾਰੇ ਕਈ ਪੱਖ ਵੇਖਦੇ ਅਤੇ ਸੋਚਦੇ ਹਨ। ਪਿਛਲੇ ਦਿਨਾਂ ਵਿੱਚ ਕੁਝ ਵੱਡੇ ਅਫਸਰਾਂ ਦੀਆਂ ਨਿਯੁਕਤੀਆਂ ਨਾਲਲੋਕਾਂ ਨੂੰ ਸਰਕਾਰ ਬਾਰੇ ਗੱਲਾਂ ਕਰਨ ਦਾ ਮੌਕਾ ਮਿਲਿਆ ਹੈ। ਅੱਗੋਂ ਸੰਭਲ ਕੇ ਚੱਲਣ ਦੀ ਲੋੜ ਪਵੇਗੀ। ਆਮ ਲੋਕਾਂ ਵਿੱਚ ਇਸ ਸਰਕਾਰ ਬਾਰੇ ਸੰਗਰੂਰ ਲੋਕ ਸਭਾ ਉੱਪ ਚੋਣ ਦੀ ਹਾਰ ਹੋਣ ਦੇ ਬਾਵਜੂਦ ਹਾਲ ਦੀ ਘੜੀ ਵਿਰੋਧ ਦੀ ਭਾਵਨਾ ਓਨੀ ਨਹੀਂ, ਜਿੰਨੀ ਹੋਣ ਦਾ ਰੌਲਾ ਪੈਂਦਾ ਸੀ, ਪਰ ਅਗਲੇ ਦਿਨੀਂ ਜੇ ਸਰਕਾਰ ਸੰਭਲ ਕੇ ਨਾ ਚੱਲੀ ਤਾਂ ਇਹ ਭਾਵਨਾ ਵਧਣ ਲੱਗ ਸਕਦੀ ਹੈ। ਅਗਲੀਆਂ ਲੋਕ ਸਭਾ ਚੋਣਾਂ ਵਿੱਚ ਦੋ ਸਾਲਾਂ ਤੋਂ ਘੱਟ ਦਾ ਸਮਾਂ ਬਾਕੀ ਹੈ ਤੇ ਪੰਜਾਬ ਦਾ ਤਜਰਬਾ ਇਹ ਹੈ ਕਿ ਇੱਕ ਵਾਰੀ ਕੈਪਟਨ ਅਮਰਿੰਦਰ ਸਿੰਘ ਅਤੇ ਇੱਕ ਵਾਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀਆਂ ਸਰਕਾਰਾਂ ਬਣਨ ਦੇ ਦੋ ਸਾਲ ਬਾਅਦ ਦੋਵਾਂ ਧਿਰਾਂ ਨੂੰ ਤੇਰਾਂ ਵਿੱਚੋਂ ਗਿਆਰਾਂ ਸੀਟਾਂ ਉੱਤੇ ਹਾਰ ਵਾਲਾ ਵੱਡਾ ਝਟਕਾ ਲੱਗ ਗਿਆ ਸੀ। ਜਿਹੜੇ ਆਮ ਲੋਕਾਂ ਨੇ ਉਨ੍ਹਾਂ ਦੋਵਾਂ ਸਰਕਾਰਾਂ ਨੂੰ ਚਲਾਉਣ ਵਾਲੀਆਂ ਧੜਵੈਲ ਧਿਰਾਂ ਨੂੰ ਝਟਕਾ ਦਿੱਤਾ ਸੀ, ਉਨ੍ਹਾਂ ਦਾ ਚੇਤਾ ਰੱਖ ਕੇ ਸਰਕਾਰ ਨਾ ਚਲਾਈ ਗਈ ਤਾਂ ਉਹ ਇਹ ਤਜਰਬਾ ਦੁਹਰਾ ਵੀ ਸਕਦੇ ਹਨ। ਸਰਕਾਰ ਵਿਚਲੇ ਕੁਝ ਲੋਕ, ਸਿਆਸੀ ਵੀ ਤੇ ਅਫਸਰੀ ਜਮਾਤ ਵਾਲੇ ਵੀ, ਆਪਣੇ ਹਿੱਤਾਂ ਦਾ ਵੱਧ ਖਿਆਲ ਰੱਖਦੇ ਹਨ ਤੇ ਮੁੱਖ ਮੰਤਰੀ ਜਾਂ ਸਰਕਾਰ ਦੇ ਅਕਸ ਬਾਰੇ ਘੱਟ ਫਿਕਰਮੰਦ ਸੁਣੀਂਦੇ ਹਨ। ਲੜਦੀ ਫੌਜ ਤੇ ਨਾਂਅ ਸਰਦਾਰ ਦਾ ਵੱਜਦਾ ਹੁੰਦਾ ਹੈ, ਪਰ ਜਦੋਂ ਫੌਜ ਕੋਈ ਕੁਚੱਜ ਕਰੇਗੀ ਤਾਂ ਉਸ ਦੀ ਜ਼ਿੰਮੇਵਾਰੀ ਵੀ ਫੌਜ ਦੇ ਜਰਨੈਲ ਜਾਂ ਅਜੋਕੇ ਮੁੱਖ ਮੰਤਰੀ ਦੀ ਸਮਝੀ ਜਾਣੀ ਹੈ। ਇਹ ਗੱਲ ਅਜੋਕੇ ਮੁੱਖ ਮੰਤਰੀ ਨੂੰ ਚੇਤੇ ਰੱਖਣੀ ਪਵੇਗੀ, ਨਹੀਂ ਤਾਂ ਕੁਝ ਵੀ ਹੋ ਸਕਦਾ ਹੈ, ਕੁਝ ਵੀ।

# ਕਾਲਮਨਿਸਟਾਂ ਵਿੱਚ ਕਰੀਅਰ ਦੇ ਮੌਕੇ ਅਤੇ ਨੌਕਰੀ ਦੀਆਂ ਸੰਭਾਵਨਾਵਾਂ

ਕਾਲਮਨਵੀਸ ਇੱਕ ਅਖਬਾਰ ਵਿੱਚ ਇੱਕ ਨਿਯਮਤ ਕਾਲਮ ਲਈ ਕਾਪੀ ਲਿਖਦੇ ਜਾਂ ਸੰਪਾਦਿਤ ਕਰਦੇ ਹਨ। ਕਾਲਮਨਵੀਸ ਪਹਿਲਾਂ ਹੀ ਰਿਪੋਰਟ ਕੀਤੀਆਂ ਕਹਾਣੀਆਂ ਤੋਂ ਜਾਣਕਾਰੀ ਇਕੱਠੀ ਕਰਦਾ ਹੈ ਅਤੇ ਖੋਜਾਂ ਦੇ ਆਧਾਰ 'ਤੇ ਵਿਸ਼ਲੇਸ਼ਣ ਬਣਾਉਂਦਾ ਹੈ। ਨਿਯਮਤ ਰਿਪੋਰਟਰਾਂ ਦੇ ਉਲਟ, ਕਾਲਮਨਵੀਸ ਜ਼ਰੂਰੀ ਤੌਰ 'ਤੇ ਭਰੋਸੇਯੋਗ ਸਰੋਤਾਂ ਦੇ ਆਧਾਰ 'ਤੇ ਸਿੱਧੇ ਤੱਥ ਪੇਸ਼ ਨਹੀਂ ਕਰਦੇ। ਇਸ ਦੀ ਬਜਾਏ, ਕਾਲਮਨਵੀਸ ਆਪਣੇ ਵਿਚਾਰ ਪ੍ਰਗਟ ਕਰਨ ਲਈ ਆਪਣੀ ਆਵਾਜ਼ ਦੀ ਵਰਤੋਂ ਕਰਦੇ ਹਨ। ਉਹ ਜਨਤਕ ਹਿੱਤਾਂ ਦੀ ਜਾਣਕਾਰੀ ਸਾਂਝੀ ਕਰਦੇ ਹਨ ਅਤੇ ਆਪਣੇ ਪਾਠਕਾਂ ਨੂੰ ਵਿਚਾਰ ਪੇਸ਼ ਕਰਦੇ ਹਨ। ਆਮ ਤੌਰ 'ਤੇ, ਹਰੇਕ ਕਾਲਮ ਵਿੱਚ ਦਿਲਚਸਪੀ ਦਾ ਇੱਕ ਵਿਸ਼ੇਸ਼ ਖੇਤਰ ਹੁੰਦਾ ਹੈ, ਜਿਵੇਂ ਕਿ ਰਾਜਨੀਤੀ, ਖੇਡਾਂ, ਧਰਮ, ਫੈਸ਼ਨ, ਜਾਂ ਨਿੱਜੀ ਸਲਾਹ। ਕਾਲਮਨਵੀਸ ਲਿਖਣ ਦੀ ਸ਼ੈਲੀ ਦੁਆਰਾ ਵੱਖਰੇ ਹੁੰਦੇ ਹਨ, ਜੋ ਉਹਨਾਂ ਨੂੰ ਇੱਕ ਸਮਰਪਿਤ ਪਾਠਕ ਵਧਾਉਣ ਦੀ ਆਗਿਆ ਦਿੰਦਾ ਹੈ। ਇੱਕ ਕਾਲਮਨਵੀਸ ਨੂੰ ਪਾਠਕਾਂ ਨੂੰ ਜੋੜੀ ਰੱਖਣ ਲਈ ਹਮੇਸ਼ਾਂ ਇੱਕ ਵਿਲੱਖਣ ਅਤੇ ਦਿਲਚਸਪ ਕਾਲਮ ਪ੍ਰਦਾਨ ਕਰਨਾ ਚਾਹੀਦਾ ਹੈ। ਕਾਲਮਨਵੀਸ ਬਣਨ ਦੀ ਯੋਗਤਾ ਵਿੱਦਿਅਕ ਯੋਗਤਾ ਕਾਲਮਨਵੀਸ ਬਣਨ ਲਈ ਲੋੜੀਂਦੀ ਯੋਗਤਾ ਮਾਸ ਕਮਿਊਨੀਕੇਸ਼ਨ ਜਾਂ ਪੱਤਰਕਾਰੀ ਵਿੱਚ ਬੈਚਲਰ ਡਿਗਰੀ ਹੈ। ਨੋਟ: ਭਾਵੇਂ ਕਾਲਮਨਵੀਸ ਬਣਨ ਲਈ ਕਿਸੇ ਰਸਮੀ ਯੋਗਤਾ ਦੀ ਲੋੜ ਨਹੀਂ ਹੈ, ਪਰ ਜਿਸ ਵਿਸ਼ੇ 'ਤੇ ਉਹ ਲਿਖਣਾ ਚਾਹੁੰਦੇ ਹਨ, ਉਸ ਬਾਰੇ ਡੂੰਘੀ ਜਾਣਕਾਰੀ ਰੱਖਣ ਵਾਲੇ ਅਤੇ ਚੰਗੇ ਲਿਖਣ ਦੇ ਹੁਨਰ ਵਾਲੇ ਵਿਅਕਤੀ ਸਫਲ ਕਾਲਮਨਵੀਸ ਬਣ ਸਕਦੇ ਹਨ। ਉਮਰ ਸੀਮਾ ਉਮੀਦਵਾਰ ਦੀ ਉਮਰ ਦੇ ਸਬੰਧ ਵਿੱਚ ਕੋਈ ਪਾਬੰਦੀ ਨਹੀਂ ਹੈ ਜੇਕਰ ਉਹ ਕਾਲਮਨਵੀਸ ਬਣਨਾ ਚਾਹੁੰਦਾ ਹੈ। ਕਾਲਮਨਵੀਸ ਲੋੜੀਂਦੇ ਹੁਨਰ ਕਾਲਮਨਵੀਸ ਕੋਲ ਸੰਚਾਰ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਉਸਨੂੰ ਬੋਲਣ ਜਾਂ ਲਿਖਣ ਵੇਲੇ ਆਪਣੇ ਵਿਚਾਰਾਂ, ਵਿਚਾਰਾਂ ਅਤੇ ਭਾਵਨਾਵਾਂ ਨੂੰ ਸਪਸ਼ਟ ਰੂਪ ਵਿੱਚ ਪ੍ਰਗਟ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਉਸ ਕੋਲ ਤਰਕ ਅਤੇ ਸਮੱਸਿਆ ਹੱਲ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਕਾਲਮਨਵੀਸ ਕੋਲ ਕੰਮ 'ਤੇ ਧਿਆਨ ਕੇਂਦਰਿਤ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਚੰਗੀ ਸਮੱਗਰੀ ਲਈ ਖੋਜ ਕਰਨੀ ਚਾਹੀਦੀ ਹੈ। ਉਸਨੂੰ ਵਿਆਕਰਣ, ਸਪੈਲਿੰਗ ਅਤੇ ਵਿਰਾਮ ਚਿੰਨ੍ਹ ਦਾ ਗਿਆਨ ਹੋਣਾ ਚਾਹੀਦਾ ਹੈ। ਇੱਕ ਕਾਲਮਨਵੀਸ ਨੂੰ ਰੱਦ ਕੀਤੇ ਜਾਣ ਤੋਂ ਨਹੀਂ ਡਰਨਾ ਚਾਹੀਦਾ। ਇੱਕ ਕਾਲਮਨਵੀਸ ਕਿਵੇਂ ਬਣਨਾ ਹੈ? ਕਦਮ 1 12ਵੀਂ ਜਮਾਤ ਪਾਸ ਕਰਨ ਤੋਂ ਬਾਅਦ, ਉਮੀਦਵਾਰ ਨੂੰ ਪੱਤਰਕਾਰੀ, ਮੂਲ ਭਾਸ਼ਾ ਅਤੇ ਜਾਂ ਅੰਗਰੇਜ਼ੀ, ਜਾਂ ਜਨ ਸੰਚਾਰ ਵਿੱਚ ਬੈਚਲਰ ਦੀ ਡਿਗਰੀ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ। ਕਦਮ 2 ਬੈਚਲਰ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ, ਉਮੀਦਵਾਰ ਪੱਤਰਕਾਰੀ, ਅੰਗਰੇਜ਼ੀ, ਜਾਂ ਜਨ ਸੰਚਾਰ ਵਿੱਚ ਮਾਸਟਰ ਡਿਗਰੀ ਲਈ ਜਾ ਸਕਦਾ ਹੈ; ਤਾਂ ਜੋ ਇਸ ਪੇਸ਼ੇ ਵਿੱਚ ਵਧੇਰੇ ਮੰਗ ਹੋਵੇ। ਕਦਮ 3 ਇੱਕ ਵਾਰ ਲੋੜੀਂਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ, ਚਾਹਵਾਨ ਕਾਲਮਨਵੀਸ ਕਿਸੇ ਮੀਡੀਆ ਹਾਊਸ ਵਿੱਚ ਸ਼ਾਮਲ ਹੋ ਸਕਦਾ ਹੈ ਜਾਂ ਇੱਕ ਵਾਰ ਇੱਛਾ ਅਤੇ ਯੋਗਤਾਵਾਂ ਦੇ ਅਨੁਸਾਰ ਫ੍ਰੀਲਾਂਸ ਕੰਮ ਲਈ ਜਾ ਸਕਦਾ ਹੈ। ਭਾਰਤ ਵਿੱਚ ਕਾਲਮਨਵੀਸ ਸਿਖਲਾਈ ਸੰਸਥਾ ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ () ਦਿੱਲੀ ਜ਼ੇਵੀਅਰਜ਼ ਇੰਸਟੀਚਿਊਟ ਆਫ਼ ਕਮਿਊਨੀਕੇਸ਼ਨ () ਏਸ਼ੀਅਨ ਕਾਲਜ ਆਫ਼ ਜਰਨਲਿਜ਼ਮ () ਸਿੰਬਾਇਓਸਿਸ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ () ਏਜੇ ਕਿਦਵਈ ਮਾਸ ਕਮਿਊਨੀਕੇਸ਼ਨ ਰਿਸਰਚ ਸੈਂਟਰ (ਏਜੇਕੇਐਮਸੀਆਰਸੀ) ਮੁਦਰਾ ਇੰਸਟੀਚਿਊਟ ਆਫ ਕਮਿਊਨੀਕੇਸ਼ਨ, ਅਹਿਮਦਾਬਾਦ () ਇੰਡੀਅਨ ਇੰਸਟੀਚਿਊਟ ਆਫ਼ ਜਰਨਲਿਜ਼ਮ ਐਂਡ ਨਿਊ ਮੀਡੀਆ, ਬੰਗਲੌਰ () ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ, ਬੀ.ਐਚ.ਯੂ ਸੰਚਾਰ ਅਤੇ ਪੱਤਰਕਾਰੀ ਵਿਭਾਗ, ਪੁਣੇ ਭਾਰਤੀ ਵਿਦਿਆ ਭਵਨ ਦੇ ਸਰਦਾਰ ਪਟੇਲ ਕਾਲਜ ਆਫ ਕਮਿਊਨੀਕੇਸ਼ਨ ਐਂਡ ਮੈਨੇਜਮੈਂਟ, ਦਿੱਲੀ ਕਾਲਮਨਵੀਸ ਨੌਕਰੀ ਦਾ ਵੇਰਵਾ ਇੱਕ ਕਾਲਮਨਵੀਸ ਨੂੰ ਖ਼ਬਰਾਂ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ ਅਤੇ ਪ੍ਰਕਾਸ਼ਨ ਜਾਂ ਪ੍ਰਸਾਰਣ ਲਈ, ਵਿਸ਼ੇ ਦੇ ਨਾਲ ਨਿੱਜੀ ਗਿਆਨ ਅਤੇ ਅਨੁਭਵ ਦੇ ਅਧਾਰ ਤੇ ਇੱਕ ਕਾਲਮ ਲਿਖਣਾ ਹੁੰਦਾ ਹੈ। ਉਹ ਜਾਣਕਾਰੀ ਇਕੱਠੀ ਕਰਦਾ ਹੈ ਅਤੇ ਖੋਜ, ਇੰਟਰਵਿਊ, ਅਨੁਭਵ, ਅਤੇ ਸਮਾਗਮਾਂ, ਜਿਵੇਂ ਕਿ ਰਾਜਨੀਤਿਕ ਸੰਮੇਲਨਾਂ, ਖ਼ਬਰਾਂ ਦੀਆਂ ਮੀਟਿੰਗਾਂ, ਖੇਡ ਸਮਾਗਮਾਂ, ਅਤੇ ਸਮਾਜਿਕ ਗਤੀਵਿਧੀਆਂ ਵਿੱਚ ਹਾਜ਼ਰੀ ਦੁਆਰਾ ਵਿਸ਼ਾ ਦ੍ਰਿਸ਼ਟੀਕੋਣ ਵਿਕਸਿਤ ਕਰਦਾ ਹੈ। ਉਹਨਾਂ ਦੀ ਨੌਕਰੀ ਦੀ ਪ੍ਰੋਫਾਈਲ ਵਿੱਚ ਅੰਦਰੂਨੀ ਅਤੇ ਬਾਹਰੀ ਕੰਮ ਸ਼ਾਮਲ ਹੁੰਦੇ ਹਨ ਅਤੇ ਯਾਤਰਾ ਦੀ ਇੱਕ ਮਹੱਤਵਪੂਰਨ ਮਾਤਰਾ, ਇੱਥੋਂ ਤੱਕ ਕਿ ਵਿਦੇਸ਼ੀ ਦੇਸ਼ਾਂ ਵਿੱਚ ਵੀ। ਉਹ ਆਮ ਤੌਰ 'ਤੇ ਆਰਾਮਦਾਇਕ, ਚੰਗੀ ਤਰ੍ਹਾਂ ਪ੍ਰਕਾਸ਼ਤ ਅਤੇ ਵਿਸ਼ਾਲ ਹੁੰਦੇ ਹਨ। ਦੂਜੇ ਪਾਸੇ, ਬਾਹਰੀ ਕੰਮ ਤਣਾਅਪੂਰਨ ਹੋ ਸਕਦਾ ਹੈ, ਖਾਸ ਤੌਰ 'ਤੇ ਜੇ ਇਸ ਨੂੰ ਕੰਮ ਕਰਨ ਦੀ ਲੋੜ ਹੈਕਿਸੇ ਅਪਰਾਧ, ਕੁਦਰਤੀ ਆਫ਼ਤ, ਜਾਂ ਰਾਜਨੀਤਿਕ ਬਗਾਵਤ ਦਾ ਦ੍ਰਿਸ਼। ਨਵੇਂ ਲੋਕਾਂ ਨੂੰ ਮਿਲਣਾ ਇੱਕ ਕਾਲਮਨਵੀਸ ਹੋਣ ਦਾ ਇੱਕ ਨਿਸ਼ਚਿਤ ਹਿੱਸਾ ਹੈ। ਕੰਮ ਦੇ ਘੰਟੇ ਅਨਿਯਮਿਤ ਹੋਣ ਦੀ ਸੰਭਾਵਨਾ ਹੈ, ਅਤੇ ਕਾਲਮਨਵੀਸ ਨੂੰ ਸਖ਼ਤ ਸਮਾਂ-ਸੀਮਾਵਾਂ ਨੂੰ ਪੂਰਾ ਕਰਨ ਦੀ ਲੋੜ ਹੈ। ਕਾਲਮਨਵੀਸ ਦੀਆਂ ਕਈ ਕਿਸਮਾਂ ਹਨ ਜੋ ਇਸ ਪ੍ਰਕਾਰ ਹਨ: ਸਲਾਹਕਾਰ ਕਾਲਮਨਵੀਸ, ਜਨਰਲ ਸਲਾਹ ਕਾਲਮਨਵੀਸ, ਵਿਸ਼ੇਸ਼ਤਾ ਗੱਪਾਂ ਦੇ ਕਾਲਮਨਵੀਸ ਖੇਡ ਕਾਲਮਨਵੀਸ ਸਿਆਸੀ ਕਾਲਮਨਵੀਸ ਮਹਾਨਗਰ ਕਾਲਮਨਵੀਸ ਬਾਹਰੀ ਕਾਲਮਨਵੀਸ ਕਾਲਮਨਵੀਸ ਕੈਰੀਅਰ ਸੰਭਾਵਨਾਵਾਂ ਕਾਲਮਨਵੀਸ ਲਈ ਨੌਕਰੀ ਦੀ ਮਾਰਕੀਟ ਦਿਨ ਪ੍ਰਤੀ ਦਿਨ ਵਧ ਰਹੀ ਹੈ. ਇੱਕ ਕਾਲਮਨਵੀਸ ਵੱਖ-ਵੱਖ ਖੇਤਰਾਂ ਜਿਵੇਂ ਕਿ ਸਰਕਾਰੀ, ਨਿੱਜੀ ਅਤੇ ਜਨਤਕ ਖੇਤਰ ਵਿੱਚ ਕੰਮ ਕਰ ਸਕਦਾ ਹੈ। ਇਸ ਖੇਤਰ ਵਿੱਚ ਨੌਕਰੀ ਦੇ ਬਹੁਤ ਸਾਰੇ ਮੌਕੇ ਹਨ। ਕੋਈ ਵੀ ਵਪਾਰਕ ਪ੍ਰਸ਼ਾਸਨਿਕ ਅਤੇ ਵਿਕਾਸ, ਰਿਪੋਰਟਰ, ਸੇਵਾ ਲੇਖਕ, ਮੁੱਖ ਰਾਜਨੀਤੀ ਰਿਪੋਰਟਰ, ਸੀਈਓ ਮੌਕੇ ਅਤੇ ਹੋਰ ਬਹੁਤ ਕੁਝ ਦੇ ਤੌਰ 'ਤੇ ਕੰਮ ਕਰ ਸਕਦਾ ਹੈ। ਕਾਲਮਨਵੀਸ ਤਨਖਾਹ ਇੱਕ ਕਾਲਮਨਵੀਸ ਰੁਪਏ ਕਮਾ ਸਕਦਾ ਹੈ। 20,000/- ਤੋਂ ਰੁ. 30,000/- ਪ੍ਰਤੀ ਮਹੀਨਾ। ਵਧੇਰੇ ਰਚਨਾਤਮਕਤਾ ਦੀ ਵਰਤੋਂ ਅਤੇ ਵਧੇਰੇ ਅਨੁਭਵ ਅਤੇ ਗਿਆਨ ਪ੍ਰਾਪਤ ਕਰਨ ਨਾਲ, ਇੱਕ ਕਾਲਮਨਵੀਸ ਰੁਪਏ ਵੀ ਕਮਾ ਸਕਦਾ ਹੈ। ਭਾਰਤ ਵਿੱਚ 1,00, 000/- ਤੋਂ 2,00,000/- ਰੁਪਏ ਪ੍ਰਤੀ ਮਹੀਨਾ।

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ, ਪੰਜਾਬ।

# ਬੋਰਿਸ ਜਾਨਸਨ ਨੇ ਟੋਰੀ ਪਾਰਟੀ ਲੀਡਰ ਦਾ ਅਹੁਦਾ ਛੱਡਿਆ, ਪ੍ਰਧਾਨ ਮੰਤਰੀ ਬਣੇ ਰਹਿਣਗੇ

ਕ੍ਰਿਸ਼ਨ ਭਾਟੀਆ



ਪਿਛਲੇ ਕੁਝ ਦਿਨਾਂ ਤੋਂ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਸਿਆਸੀ ਭਵਿੱਖ ਉੱਤੇ ਸਰਗਰਮ ਚਰਚੇ ਚੱਲ ਰਹੇ ਸਨ, ਉਨ੍ਹਾਂ ਨੇ ਵੀਰਵਾਰ ਆਪਣੀ ਸਰਕਾਰੀ ਰਿਹਾਇਸ਼ 10 ਡਾਊਨਿੰਗ ਸਟ੍ਰੀਟ ਦੇ ਬਾਹਰ ਐਲਾਨ ਕੀਤਾ ਕਿ ਉਹ ਸੱਤਾਧਾਰੀ ਟੋਰੀ ਪਾਰਟੀ ਦੇ ਪ੍ਰਧਾਨ ਦਾ ਅਹੁਦੇ ਛੱਡ ਦੇਣਗੇ ਅਤੇ ਅਕਤੂਬਰ ਤੱਕ ਪ੍ਰਧਾਨ ਮੰਤਰੀ ਬਣੇ ਰਹਿਣਗੇ। ਉਨ੍ਹਾਂ ਦੇ ਇਸ ਫੈਸਲੇ ਨੇ ਸਿਆਸੀ ਹਲਕਿਆਂ ਵਿੱਚ ਮਾਮੂਲੀ ਜਿਹੀ ਹਲਚਲ ਪੈਦਾ ਕੀਤੀ, ਪਰ ਹੈਰਾਨੀ ਨਹੀਂ, ਕਿਉਂਕਿ ਇਹ ਯਕੀਨੀ ਨਜ਼ਰ ਆ ਰਿਹਾ ਸੀ ਕਿ ਟੋਰੀ ਪਾਰਟੀ ਅਤੇ ਦੇਸ਼ ਦੇ ਅੰਦਰ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਉਠੇ ਵਿਵਾਦਾਂ ਦੇ ਕਾਰਨ ਉਨ੍ਹਾਂ ਦਾ ਆਪਣੇ ਅਹੁਦੇ ਉੱਤੇ ਵਧੇਰੇ ਦੇਰ ਤੱਕ ਟਿੱਕੇ ਰਹਿਣਾ ਸੰਭਵ ਨਹੀਂ ਹੋਵੇਗਾ।

ਮੰਗਲਵਾਰ ਨੂੰ ਵਿੱਤ ਮੰਤਰੀ ਰਿਸ਼ੀ ਸੂਨਕ ਅਤੇ ਸਿਹਤ ਮੰਤਰੀ ਜਾਵੇਦ ਵੱਲੋਂ ਅਸਤੀਫ਼ੇ ਦੇ ਦੇਣ ਪਿੱਛੋਂ ਬੋਰਿਸ ਜਾਨਸਨ ਮੰਤਰੀ ਮੰਡਲ ਵਿੱਚ ਸ਼ਾਮਲ ਸੀਨੀਅਰ ਤੇ ਜੂਨੀਅਰ ਮੰਤਰੀਆਂ ਨੇ ਅਸਤੀਫੇ ਦੇਣ ਦੀ ਝੜੀ ਲਾ ਦਿੱਤੀ ਸੀ ਅਤੇ ਇੱਕ ਦੇ ਬਾਅਦ ਇੱਕ 50 ਛੋਟੇ-ਵੱਡੇ ਅਹੁਦੇਦਾਰਾਂ ਵੱਲੋਂ ਅਸਤੀਫ਼ੇ ਦਿੱਤੇ ਜਾਣ ਦੇ ਬਾਅਦ ਇਹ ਸੋਚਣਾ ਕਿ ਬੋਰਿਸ ਵੱਧ ਸਮਾਂ ਟਿਕ ਸਕਣਗੇ, ਬਿਲਕੁਲ ਗਲਤ ਸੀ। ਕਈ ਮੰਤਰੀਆਂ ਨੇ ਅਸਤੀਫ਼ੇ ਦੇਣ ਤੋਂ ਪਹਿਲਾਂ ਜਦੋਂ ਬੋਰਿਸ ਜਾਨਸਨ ਨਾਲ ਮੁਲਾਕਾਤ ਕੀਤੀ ਤਾਂ ਅਖ਼ਬਰਾਂ ਨੇ ਲਿਖਿਆ ਕਿ ਉਨ੍ਹਾਂ ਨੇ ਸਾਫ ਤੌਰ ਉੱਤੇ ਪ੍ਰਧਾਨ ਮੰਤਰੀ ਨੂੰ ਕਹਿ ਦਿੱਤਾ ਸੀ ਕਿ 'ਬਾਏ-ਬਾਏ' ਦਾ ਸਮਾਂ ਆ ਗਿਆ ਹੈ। ਬ੍ਰਿਟੇਨ ਵਿੱਚ ਇਸ ਸਮੇਂ ਟੋਰੀ ਪਾਰਟੀ ਸੱਤਾ ਵਿੱਚ ਹੈ। ਇਸ ਪਾਰਟੀ ਦੇ ਨਿਯਮਾਂ ਅਨੁਸਾਰ ਪਾਰਟੀ ਦਾ ਪ੍ਰਧਾਨ ਹੀ ਦੇਸ਼ ਦਾ ਪ੍ਰਧਾਨ ਮੰਤਰੀ ਹੁੰਦਾ ਹੈ। ਇਸ ਤਰ੍ਹਾਂ ਬੋਰਿਸ ਜਾਨਸਨ ਵੀ ਦੋਵਾਂ ਅਹੁਦਿਆਂ ਉੱਤੇ ਸਨ। ਪਿਛਲੇ ਮਹੀਨੇ ਇੱਕ ਬੇਭਰੋਸਗੀ ਮਤੇ ਰਾਹੀਂ ਉਨ੍ਹਾਂ ਨੂੰ ਪਾਰਟੀ ਦੀ ਪ੍ਰਧਾਨਗੀ ਤੋਂ ਹਟਾਉਣ ਦੀ ਕੋਸ਼ਿਸ਼ ਹੋਈ, ਪਰ ਉਹ ਸਫਲ ਨਹੀਂ ਹੋਏ। ਬੋਰਿਸ ਜਾਨਸਨ ਨੇ ਪਾਰਟੀ ਦੀ ਭਰੋਸੇ ਦੀ ਵੋਟ ਤਾਂ ਜਿੱਤ ਲਈ ਸੀ, ਪਰ ਦਿਲ ਨਹੀਂ। ਉਦੋਂ ਤੋਂ ਇਹ ਖਦਸ਼ੇ ਪੈਦਾ ਹੋ ਗਏ ਸਨ ਕਿ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਨੂੰ ਚੈਨ ਨਾਲ ਨਹੀਂ ਬੈਠਣ ਦੇਣਗੇ। ਆਵਾਜ਼ਾਂ ਜ਼ੋਰ ਫੜਨ ਲੱਗੀਆਂ ਸਨ ਬੋਰਿਸ ਜਾਨਸਨ ਨੂੰ ਪ੍ਰਧਾਨ ਮੰਤਰੀ ਅਤੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੀਆਂ।

ਬੋਰਿਸ ਜਾਨਸਨ ਨੇ ਕਿਹਾ ਕਿ ਉਹ ਅਕਤੂਬਰ ਤੱਕ ਇਸ ਕਰ ਕੇ ਪ੍ਰਧਾਨ ਮੰਤਰੀ ਬਣੇ ਰਹਿਣਾ ਚਾਹੁੰਦੇ ਹਨ ਕਿ ਇਸ ਦੌਰਾਨ ਟੋਰੀ ਪਾਰਟੀ ਆਪਣਾ ਨਵਾਂ ਲੀਡਰ ਚੁਣਨ ਦੀਆਂ ਤਿਆਰੀਆਂ ਕਰ ਸਕੇ। ਨਵਾਂ ਪਾਰਟੀ ਲੀਡਰ ਚੁਣਨ ਲਈ ਖਿੱਚੋਤਾਣ ਸ਼ੁਰੂ ਹੋ ਗਈ ਹੈ। ਕਈ ਖਾਹਿਸ਼ੀ ਹਨ ਅਤੇ ਇਹ ਹੈ ਵੀ ਸੁਭਾਵਿਕ, ਹਰ ਕੋਈ ਆਪਣੀ ਕਿਸਮਤ ਅਜ਼ਮਾਉਣੀ ਚਾਹੇਗਾ। ਇਸ ਦੇਸ਼ ਦੀਆਂ ਕੁਝ ਪ੍ਰਕਿਰਿਆਵਾਂ ਅਜਿਹੀਆਂ ਹਨ, ਜੋ ਆਉਣ ਵਾਲੀਆਂ ਸਿਆਸੀ ਘਟਨਾਵਾਂ ਅਤੇ ਉਨ੍ਹਾਂ ਦੇ ਨਤੀਜਿਆਂ ਨੂੰਪ੍ਰਭਾਵਿਤ ਕਰਦੀਆਂ ਹਨ।

ਇਸ ਮਾਮਲੇ ਵਿੱਚ 'ਬੁਕੀਜ਼' ਭਾਵ ਜੂਆ ਘਰਾਂ ਦਾ ਵੱਡਾ ਮਹੱਤਵਪੂਰਨ ਰੋਲ ਹੈ। ਕਿਸੇ ਪਾਰਟੀ ਜਾਂ ਉਮੀਦਵਾਰ ਦੀ ਜਿੱਤ-ਹਾਰ ਦਾ ਜੋ ਅੰਦਾਜ਼ਾ ਬੁਕੀਜ਼ ਲਾਉਂਦੇ ਹਨ, ਉਹ ਆਮ ਤੌਰ ਉੱਤੇ ਠੀਕ ਨਿਕਲਦਾ ਹੈ। ਇਨ੍ਹਾਂ ਬੁਕੀਜ਼ ਵੱਲੋਂ ਉਮੀਦਵਾਰਾਂ ਦਾ ਜਿੰਨਾ ਮੁਲਾਂਕਣ ਕੀਤਾ ਜਾਂਦਾ ਹੈ, ਜੂਏ ਦੀ ਰਕਮ ਵੀ ਉਸੇ ਅਨੁਸਾਰ ਤੈਅ ਹੁੰਦੀ ਹੈ ਭਾਵ ਇੰਨਾ ਲਾਓਗੇ ਤੇ ਤੁਹਾਡਾ ਉਮੀਦਵਾਰ ਜੇ ਜਿੱਤ ਗਿਆ ਤਾਂ ਇੰਨੇ ਮਿਲਣਗੇ। ਬੁਕੀਜ਼ ਨੇ ਆਪਣੇ ਪਸੰਦੀਦਾ ਨਾਂ ਪ੍ਰਚਾਰਿਤ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਸਭ ਤੋਂ ਉਪਰ ਨਾਂ ਹੈ ਰਿਸ਼ੀ ਸੂਨਕ ਦਾ, ਜਿਨ੍ਹਾਂ ਨੇ ਸਿਰਫ਼ ਦੋ ਦਿਨ ਪਹਿਲਾਂ ਵਿੱਤ ਮੰਤਰੀ ਦੇ ਅਹੁਦੇ ਤੋਂ ਇਸ ਲਈ ਅਸਤੀਫ਼ਾ ਦਿੱਤਾ ਸੀ ਕਿ ਉਹ ਬੋਰਿਸ ਜਾਨਸਨ ਦੀ ਕਾਰਜਪ੍ਰਣਾਲੀ ਤੋਂ ਖ਼ੁਸ਼ ਨਹੀਂ ਸਨ।

ਬੋਰਿਸ ਦੇ ਫੈਸਲੇ ਉੱਤੇ ਵੱਖ-ਵੱਖ ਕਿਸਮ ਦੀਆਂ ਪ੍ਰਤੀਕਿਰਿਆਵਾਂ ਹੋ ਰਹੀਆਂ ਹਨ। ਯੂਰਪੀਨ ਯੂਨੀਅਨ ਛੱਡਣ ਉੱਤੇ ਹੋਏ ਰੈਫਰੈਂਡਮ ਦੇ ਨਤੀਜੇ ਪਿੱਛੋਂ ਬ੍ਰਿਟੇਨ ਜਿਹੜੀਆਂ ਔਕੜਾਂ ਉੱਤੇ ਉਲਝਣਾਂ ਵਿੱਚ ਫਸ ਗਿਆ ਸੀ, ਉਨ੍ਹਾਂ ਵਿੱਚੋਂ ਨਿਕਲਣਾ ਇਸ ਲਈ ਬੜਾ ਮੁਸ਼ਕਲ ਹੋ ਗਿਆ ਸੀ। ਬੋਰਿਸ ਜਾਨਸਨ ਦੀਆਂ ਕੋਸ਼ਿਸ਼ਾਂ ਨਾਲ ਦੇਸ਼ ਨੂੰ ਉਨ੍ਹਾਂ ਉਲਝਣਾਂ ਤੋਂ ਨਿਕਲਿਆ ਅਤੇ ਇਸ ਨੂੰ ਵਿਕਸਿਤ ਹੋਣ ਦਾ ਮੌਕਾ ਮਿਲ ਗਿਆ ਸੀ।

ਸਿਆਸੀ ਕਾਰਨ ਕੁਝ ਵੀ ਹੋਣ ਜਿਸ ਸਥਿਤੀ ਨੇ ਉਨ੍ਹਾਂ ਨੂੰ ਅਹੁਦਾ ਛੱਡਣ ਲਈ ਮਜ਼ਬੂਰ ਕੀਤਾ, ਬੋਰਿਸ ਆਪਣੇ ਮਨਚਲੇ ਅਤੇ ਮਖੌਲੀ ਸੁਭਾਅ ਕਾਰਨ ਉਸ ਲਈ ਇੱਕ ਪ੍ਰਸਿੱਧ ਹਸਤੀ ਹਨ। ਭਾਰਤ ਦੇ ਨਾਲ ਉਨ੍ਹਾਂ ਦਾ ਵਿਸ਼ੇਸ਼ ਲਗਾਅ ਹੈ ਅਤੇ ਬ੍ਰਿਟੇਨ ਵਿੱਚ ਵਸੇ ਭਾਰਤੀਆਂ ਨਾਲ ਚੰਗੇ ਸਬੰਧ ਹਨ।

## ਹਲਕਾ-ਫੁਲਕਾ

ਬੇਟਾ, ''ਪਾਪਾ! ਤੁਸੀਂ ਰੋਜ਼-ਰੋਜ਼ ਇੰਝ ਸ਼ਰਾਬ ਨਾ ਪੀਆ ਕਰੋ।''
ਪਿਤਾ,''ਪੀਣ ਦੇ ਬੇਟਾ. ਪੀਣ ਦੇ, ਸਭ ਇਥੇ ਹੀ ਪਿਆ ਰਹਿ ਜਾਵੇਗਾ, ਕੀ ਲੈ ਕੇ ਦੁਨੀਆ ਉਤੇ ਆਏ ਸੀ ਤੇ ਕੀ ਲੈ ਕੇ ਜਾਵਾਂਗੇ?''
ਬੇਟਾ (ਖਿੱਝ ਕੇ), ''ਓਹ ਮੇਰੇ ਪਿਓ! ਜੇ ਇਸੇ ਤਰ੍ਹਾਂ ਪੀਂਦੇ ਰਹੇ ਤਾਂ ਸਾਡੇ ਲਈ ਛੱਡ ਕੇ ਵੀ ਕੀ ਜਾਓਗੇ?''

********

ਪਤਨੀ, ''ਮੈਂ ਸੁਣਿਆ ਹੈ ਕਿ ਸਵਰਗ ਵਿੱਚ ਪਤਨੀ ਨੂੰ ਪਤੀ ਨਾਲ ਨਹੀਂ ਰਹਿਣ ਦਿੰਦੇ।''
ਪਤੀ, ''ਸਹੀ ਸੁਣਿਆ ਹੈ, ਇਸੇ ਲਈ ਤਾਂ ਉਸ ਨੂੰ ਸਵਰਗ ਕਹਿੰਦੇ ਹਨ।''

********

ਟੀਚਰ, ''ਤੂੰ ਅੱਜ ਲੇਟ ਕਿਉਂ ਹੋ ਗਈ?''
ਲੜਕੀ, ''ਸਰ, ਇੱਕ ਲੜਕਾ ਮੇਰਾ ਪਿੱਛਾ ਕਰ ਰਿਹਾ ਸੀ।''
ਟੀਚਰ, ''ਫਿਰ ਤਾਂ ਤੈਨੂੰ ਜਲਦੀ ਆਉਣਾ ਚਾਹੀਦਾ ਸੀ, ਕਿਉਂ ਲੇਟ ਹੋ ਗਈ?''
ਲੜਕੀ, ''ਸਰ, ਉਹ ਬਹੁਤ ਹੀ ਹੌਲੀ-ਹੌਲੀ ਚੱਲ ਰਿਹਾ ਸੀ।'

********

ਅਧਿਆਪਕ (ਪੱਪੂ ਨੂੰ), ''ਤੂੰ ਮੇਰਾ ਦਿਮਾਗ ਖ਼ਰਾਬ ਕਰ ਦਿੱਤਾ ਹੈ, ਕੱਲ੍ਹ ਮੈਂ ਤੇਰੇ ਪਿਤਾ ਜੀ ਨੂੰ ਮਿਲਾਂਗਾ।''
ਪੱਪੂ, ''ਸਰ, ਪਿਤਾ ਜੀ ਨੂੰ ਨਹੀਂ, ਤੁਸੀਂ ਮੇਰੇ ਚਾਚਾ ਜੀ ਨੂੰ ਮਿਲੋ।''
ਅਧਿਆਪਕ, ''ਉਹ ਕਿਉਂ?''
ਪੱਪੂ, ''ਕਿਉਂਕਿ ਦਿਮਾਗ਼ ਦੇ ਡਾਕਟਰ ਉਹੀ ਹਨ।''

********

ਪਿਤਾ, ''ਤੇਰਾ ਇਤਿਹਾਸ ਦਾ ਪੇਪਰ ਕਿਵੇਂ ਦਾ ਹੋਇਆ?''
ਪੱਪੂ, ''ਬਹੁਤ ਹੀ ਬੁਰਾ, ਸਾਰੇ ਸਵਾਲ ਮੇਰੇ ਜਨਮ ਤੋਂ ਪਹਿਲਾਂ ਦੇ ਪੁੱਛੇ ਗਏ ਸੀ।''

********

ਪਤਨੀ ਨੇ ਅੰਗ੍ਰੇਜ਼ੀ ਦੀ ਕਿਤਾਬ ਪੜ੍ਹਦੇ ਹੋਏ ਪਤੀ ਨੂੰ ਪੁੱਛਿਆ, ''ਇਹ 'ਫਿਨਿਸ਼' ਤੇ 'ਕੰਪਲੀਟ' ਵਿੱਚ ਕੀ ਫ਼ਰਕ ਹੁੰਦਾ ਹੈ?''
ਪਤੀ, ''ਦੇਖ, ਜਿਵੇਂ ਮੈਂ ਤੈਨੂੰ ਮਿਲਿਆ ਤਾਂ ਤੇਰੀ ਲਾਈਫ਼ ਹੋ ਗਈ 'ਕੰਪਲੀਟ' ਤੇ ਤੂੰ ਮੈਨੂੰ ਮਿਲ ਗਈ ਤਾਂ ਮੇਰੀ ਲਾਈਫ਼ ਹੋ ਗਈ 'ਫਿਨਿਸ਼'।''




## ਭਾਰਤ ਦੇ 41 ਫੀਸਦੀ ਥਾਣਿਆਂ ਵਿੱਚ ਇੱਕ ਵੀ ਮਹਿਲਾ ਮੁਲਾਜ਼ਮ ਨਹੀਂ



ਜਲੰਧਰ, 10 ਜੁਲਾਈ (ਪੋਸਟ ਬਿਊਰੋ)- ਭਾਰਤ ਵਿੱਚ ਪੁਲਸ ਵਾਲਿਆਂ ਦਾ ਮੁਲਾਂਕਣ ਕੀਤਾ ਗਿਆ ਤਾਂ ਸਾਲ 2010 ਤੇ 2020 ਵਿਚਾਲੇ ਪੁਲਸ ਕਰਮਚਾਰੀ 32 ਫੀਸਦੀ ਵਧੇ ਹਨ, ਜਿਸ ਵਿੱਚ ਔਰਤਾਂ ਦੀ ਹਿੱਸੇਦਾਰੀ ਮਸਾਂ 10.5 ਫੀਸਦੀ ਹੈ, ਜਦ ਕਿ ਦੇਸ਼ ਦੇ 41 ਫੀਸਦੀ ਪੁਲਸ ਥਾਣੇ ਅਜਿਹੇ ਹਨ, ਜਿੱਥੇ ਇੱਕ ਵੀ ਮਹਿਲਾ ਪੁਲਸ ਮੁਲਾਜ਼ਮ ਨਹੀਂ।

ਸੁਪਰੀਮ ਕੋਰਟ ਵੱਲੋਂ ਸਾਰੇ ਥਾਣਿਆਂ ਵਿੱਚ ਸੀ ਸੀ ਟੀ ਵੀ ਕੈਮਰੇ ਲਾਉਣਾ ਲਾਜ਼ਮੀ ਕਰਨ ਦੇ ਬਾਵਜੂਦ ਤੀਸਰਾ ਹਿੱਸਾ ਥਾਣਿਆਂ ਵਿੱਚ ਇੱਕ ਵੀ ਕੈਮਰਾ ਨਹੀਂ ਲੱਗਾ। ਦਿ ਇੰਡੀਆ ਜਸਟਿਸ ਰਿਪੋਰਟ ਪੁਲਸ-ਇੰਪਰੂਵਮੈਂਟ, ਸ਼ਾਰਟਫਾਲ ਐਂਡ ਨੈਸ਼ਨਲ ਟ੍ਰੇਂਡਰਸ-ਐਨ ਐਨਾਲਿਸਿਸ ਆਫ ਡਾਟ ਆਨ ਪੁਲਸ ਆਰਗੇਨਾਈਜੇਸ਼ਨ 2021 ਦੇ ਮੁਤਾਬਕ ਭਾਰਤ ਦੇ ਕੁੱਲ 17,233 ਥਾਣਿਆਂ ਵਿੱਚੋਂ 5396 ਵਿੱਚ ਇੱਕ ਵੀ ਸੀ ਸੀ ਟੀ ਵੀ ਕੈਮਰਾ ਨਹੀਂ ਲੱਗਾ ਅਤੇ ਉੜੀਸਾ, ਤੇਲੰਗਾਨਾ ਅਤੇ ਪੁਡੂਚੇਰੀ ਵਿੱਚ ਹੀ ਸਾਰੇ ਥਾਣਿਆਂ ਵਿੱਚ ਘੱਟੋ-ਘੱਟ ਇੱਕ ਕੈਮਰਾ ਹੈ। ਇਸ ਰਿਪੋਰਟ ਮੁਤਾਬਕ ਰਾਜਸਥਾਨ ਦੇ 894 ਥਾਣਿਆਂ ਵਿੱਚ ਘੱਟੋ-ਘੱਟ ਇੱਕ ਕੈਮਰਾ ਹੈ, ਜਦ ਕਿ ਮਣੀਪੁਰ, ਲੱਦਾਖ ਤੇ ਲਕਸ਼ਦੀਪ ਵਿੱਚ ਕਿਸੇ ਵੀ ਥਾਣੇ ਵਿੱਚ ਸੀ ਸੀ ਟੀ ਵੀ ਕੈਮਰਾ ਨਹੀਂ। ਰਿਪੋਰਟ ਮੁਤਾਬਕ ਭਾਰਤ ਵਿੱਚ ਮਹਿਲਾ ਪੁਲਸ ਮੁਲਾਜ਼ਮਾਂ ਦੀ ਹਿੱਸੇਦਾਰੀ ਸਿਰਫ 10.5 ਫੀਸਦੀ ਹੈ, ਜਦ ਕਿ ਇਸ ਨੂੰ 33 ਫੀਸਦੀ ਤਕ ਕਰਨ ਦਾ ਟੀਚਾ ਰੱਖਿਆ ਗਿਆ ਹੈ। ਕੌਮੀ ਪੱਧਰ ਉੱਤੇ ਭਾਰਤ ਵਿੱਚ ਮਹਿਲਾ ਮੁਲਾਜ਼ਮਾਂ ਦਾ ਹਿੱਸਾ 3.3 ਫੀਸਦੀ ਤੋਂ ਵਧਾ ਕੇ 10.5 ਫੀਸਦੀ ਕਰਨ ਵਿੱਚ 2006 ਤੋਂ 2020 ਤਕ 15 ਸਾਲ ਲੱਗ ਗਏ ਅਤੇ 2020 ਤਕ ਕੋਈ ਵੀ ਸੂਬਾ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਟੀਚੇ ਤਕ ਨਹੀਂ ਪਹੁੰਚ ਸਕਿਆ।

## ਹਾਈ ਕੋਰਟ ਨੇ ਕਿਹਾ: ਸੇਂਟ ਕਬੀਰ ਪਬਲਿਕ ਸਕੂਲ ਘੱਟ ਗਿਣਤੀ ਸੰਸਥਾ ਨਹੀਂ




ਚੰਡੀਗੜ੍ਹ, 10 ਜੁਲਾਈ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਹੈ ਕਿ ਸੇਂਟ ਕਬੀਰ ਪਬਲਿਕ ਸਕੂਲ ਘੱਟ ਗਿਣਤੀ ਸੰਸਥਾ ਨਹੀਂ ਅਤੇ ਨੈਸ਼ਨਲ ਕਮਿਸ਼ਨ ਫਾਰ ਘੱਟ ਗਿਣਤੀ ਐਜੂਕੇਸ਼ਨਲ ਇੰਸਟੀਚਿਊਟ (ਐਨ ਸੀ ਐਮ ਈ ਆਈ) ਵੱਲੋਂ ਸਕੂਲ ਨੂੰ ਘੱਟਗਿਣਤੀ ਵਿਦਿਅਕ ਸੰਸਥਾ ਐਲਾਨਣ ਦੇ 10 ਸਤੰਬਰ 2014 ਨੂੰ ਹੁਕਮ ਕਾਨੂੰਨ ਅਨੁਸਾਰ ਠੀਕ ਨਹੀਂ ਸੀ ਅਤੇ ਇਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

ਜਸਟਿਸ ਏ ਜੀ ਮਸੀਹ ਅਤੇ ਜਸਟਿਸ ਸੰਦੀਪ ਮੋਦਗਿਲ ਦੇ ਬੈਂਚ ਨੇ ਇਹ ਫੈਸਲਾ ਘੱਟ ਗਿਣਤੀ ਵਿਦਿਅਕ ਅਦਾਰਿਆਂ ਬਾਰੇਨੈਸ਼ਨਲ ਕਮਿਸ਼ਨ ਅਤੇ ਹੋਰ ਵਿਰੋਧੀ ਧਿਰਾਂ ਵਿਰੁੱਧ ਡਾਇਰੈਕਟਰ ਸਕੂਲ ਸਿੱਖਿਆ, ਯੂ ਟੀ ਸਿੱਖਿਆ ਵਿਭਾਗ ਵੱਲੋਂ ਦਾਖਲ ਅਪੀਲ ਉੱਤੇ ਦਿੱਤਾ ਹੈ। ਬੈਂਚ ਦਾ ਦੱਸਿਆ ਗਿਆ ਕਿ ਚੰਡੀਗੜ੍ਹ ਯੂ ਟੀ ਵੱਲੋਂ 10 ਸਤੰਬਰ 2014 ਦੇ ਐਨ ਸੀ ਐਮ ਈ ਆਈ ਦੇ ਹੁਕਮ ਅਤੇ 14 ਮਾਰਚ 2017 ਦੇ ਇੱਕ ਹੋਰ ਹੁਕਮ ਨੂੰ ਚੁਣੌਤੀ ਦੇਣ ਵਾਲੀ ਇੱਕ ਰਿੱਟ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਨਾਲ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਜਾਰੀ ਕਾਰਨ ਦੱਸੋ ਨੋਟਿਸ ਵਿਰੁੱਧ ਸਕੂਲ ਦੀ ਸ਼ਿਕਾਇਤ ਨੂੰ ਸਵੀਕਾਰ ਕਰ ਲਿਆ ਸੀ ਅਤੇ ਯੂ ਟੀ ਨੂੰ ਸੇਂਟ ਕਬੀਰ ਸਕੂਲ ਵਿੱਚ ਆਰਥਿਕ ਤੌਰ ਉੱਤੇ ਕਮਜ਼ੋਰ ਵਰਗ ਲਈ ਰਾਖਵਾਂਕਰਨ ਨੂੰ ਲਾਗੂ ਕਰਨ ਤੋਂ ਵਰਜਿਆ ਗਿਆ ਸੀ। ਅਦਾਲਤ ਨੂੰ ਦੱਸਿਆ ਗਿਆ ਕਿ ਸਿੰਗਲ ਬੈਂਚ ਨੇ 20 ਮਾਰਚ 2020 ਦੇ ਹੁਕਮਾਂ ਰਾਹੀਂਪਟੀਸ਼ਨ ਰੱਦ ਕਰ ਦਿੱਤੀ ਤੇ ਉਸ ਵੇਲੇ ਬੇਲੋੜੇ ਹੁਕਮ ਕਾਇਮ ਰੱਖੇ ਸਨ।

ਸੀਨੀਅਰ ਸਟੈਂਡਿੰਗ ਕੌਂਸਲ ਅਨਿਲ ਮਹਿਤਾ ਅਤੇ ਵਿਰੋਧੀ ਦਲੀਲਾਂ ਨੂੰ ਸੁਣਨ ਪਿੱਛੋਂ ਡਵੀਜ਼ਨ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਇਸ ਉੱਤੇ ਜ਼ੋਰ ਦਿੱਤਾ ਸੀ ਕਿ ਕਿਸੇ ਸੰਸਥਾ ਨੂੰ ਘੱਟਗਿਣਤੀਆਂ ਦੀ ਵਿਦਿਅਕ ਸੰਸਥਾ ਵਜੋਂ ਪਛਾਣੇ ਜਾਣ ਦੇ ਯੋਗ ਬਣਾਉਣ ਲਈ ਕੁਝ ਅਸਲ ਸਕਾਰ-ਾਤਮਕ ਸੂਚਕ ਅੰਕਾਂ ਦੀ ਮੌਜੂਦਗੀ ਮਹੱਤਵਪੂਰਨ ਤੇ ਜ਼ਰੂਰੀ ਹੈ। ਬੈਂਚ ਨੇ ਕਿਹਾ ਕਿ ਸਕੂਲ ਚਲਾ ਰਹੀ ਸੁਸਾਇਟੀ ਦੀ ਸਥਾਪਨਾ ਪੂਰੀ ਤਰ੍ਹਾਂ ਇੱਕ ਧਰਮ ਨਿਰਪੱਖ ਸਮਾਜ ਵਜੋਂ ਕੀਤੀ ਗਈ ਹੈ ਜਿਸ ਵਿੱਚ ਕਿਸੇ ਵੀ ਘੱਟਗਿਣਤੀ ਭਾਈਚਾਰੇ, ਭਾਸ਼ਾਈ ਘੱਟਗਿਣਤੀ ਜਾਂ ਬਹੁਤ ਘੱਟ ਸਿੱਖ ਘੱਟ ਗਿਣਤੀ ਭਾਈਚਾਰੇ ਨਾਲ ਕੋਈ ਸੰਬੰਧ ਨਹੀਂ। ਇਹ 24 ਦਸੰਬਰ 1994 ਨੂੰ ਬਾਅਦ ਦੇ ਪੜਾਅ ਉੱਤੇ ਹੈ, ਪੰਜਾਬੀ ਭਾਸ਼ਾ, ਪੰਜਾਬੀ ਸਭਿਆਚਾਰ, ਪੈਗੰਬਰਾਂ ਅਤੇ ਗੁਰੂਆਂ ਦੇ ਇਤਿਹਾਸ ਨੂੰ ਪੇਸ਼ ਕੀਤਾ ਗਿਆ, ਇਹ ਜ਼ਿਕਰ ਕਰਨ ਤੋਂ ਬਿਨਾ ਇਹ ਘੱਟਗਿਣਤੀ ਦੀ ਇੱਕ ਸੰਸਥਾ ਸੀ। ਇਹ ਸੋਧ 13 ਅਕਤੂਬਰ 1988 ਨੂੰ ਪਲਾਟ ਦੀ ਅਲਾਟਮੈਂਟ ਸਕੂਲ ਦੀ ਉਸਾਰੀ ਅਤੇ ਅਕਾਦਮਿਕ ਸੈਸ਼ਨ 1991-92 ਤੋਂ ਕਾਰਜਸ਼ੀਲ ਹੋਣ ਪਿੱਛੋਂ ਲਾਗੂ ਹੋਈ।ਬੈਂਚ ਨੇ ਕਿਹਾ, "ਇਸ ਲਈ ਇਹ ਕੇਵਲ ਸੁਸਾਇਟੀ ਦੀ ਸਥਾਪਨਾ ਸਮੇਂ ਹੀ ਨਹੀਂ, ਸਗੋਂ ਸੰਸਥਾ-ਸਕੂਲ ਦੇ ਸ਼ੁਰੂ ਹੋਣ ਸਮੇਂ ਵੀ, ਕਿਸੇ ਵੀ ਰੂਪ ਵਿੱਚ ਘੱਟ ਗਿਣਤੀ ਦੇ ਦਾਅਵੇ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਨਹੀਂ ਸੀ ਅਤੇ ਘੱਟ ਗਿਣਤੀ ਵਜੋਂ ਅਤੇ ਨਾ ਘੱਟਗਿਣਤੀ (ਸਿੱਖਾਂ) ਦੇ ਫਾਇਦੇ ਲਈ ਸੀ।"

## ਪੁਲਸ ਤੋਂ ਡਰ ਕੇ ਭੱਜਣ ਲੱਗੇ ਨਸ਼ਾ ਤਸਕਰਾਂ ਨੇ ਦੋ ਚਚੇਰੇ ਭਰਾਵਾਂ ਨੂੰ ਕੁਚਲਿਆ



ਪਟਿਆਲਾ, 10 ਜੁਲਾਈ (ਪੋਸਟ ਬਿਊਰੋ)- ਹਲਕਾ ਸਨੌਰ ਦੇ ਥਾਣਾ ਜੁਲਕਾ ਹੇਠ ਘੜਾਮ ਵਿੱਚ ਕੱਲ੍ਹ ਰਾਤ ਪੁਲਸ ਤੋਂ ਬਚਣ ਲਈ ਭੱਜਦੇ ਨਸ਼ਾ ਤਸਕਰਾਂ ਨੇ ਦੋ ਚਚੇਰੇ ਭਰਾਵਾਂ ਨੂੰ ਕੁਚਲ ਦਿੱਤਾ। ਇਸ ਮੌਕੇ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦ ਕਿ ਦੂਸਰੇ ਨੌਜਵਾਨ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ। ਮ੍ਰਿਤਕਾਂ ਦੀ ਪਛਾਣ ਪਿੰਡ ਰੋਹੜ ਜਗੀਰ ਸਿੰਘ ਦੇ 20 ਸਾਲਾ ਰਮਨਪ੍ਰੀਤ ਸਿੰਘ ਅਤੇ 18 ਸਾਲਾ ਗੁਰਸੇਵਕ ਸਿੰਘ ਵਜੋਂ ਹੋਈ ਹੈ। ਉਹ ਆਪਸ ਵਿੱਚ ਚਚੇਰੇ ਭਰਾ ਸਨ। ਘਟਨਾ ਦੇ ਬਾਅਦ ਦੋਸ਼ੀ ਗੱਡੀ ਨੂੰ ਛੱਡ ਕੇ ਮੌਕੇ ਤੋਂ ਫਰਾਰ ਹੋ ਗਏ। ਇਸ ਦੇ ਬਾਅਦ ਪੁਲਸ ਨੇ ਗੱਡੀ ਵਿੱਚੋਂ 1.40 ਕੁਇੰਟਲ ਡੋਡੇ ਬਰਾਮਦ ਕਰ ਕੇ ਹਰਪ੍ਰੀਤ ਸਿੰਘ ਅਤੇ ਲਵਪ੍ਰੀਤ ਸਿੰਘ ਵਾਸੀ ਮਕਬੂਲਪੁਰ ਭੈਣੀ ਉੱਤੇ ਕੇਸ ਦਰਜ ਕਰ ਲਿਆ ਹੈ ਅਤੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣਾ ਜੁਲਕਾ ਦੇ ਇੰਚਾਰਜ ਨੇ ਦੱਸਿਆ ਕਿ ਦੋਸ਼ੀ ਦੂਸਰੇ ਰਾਜਾਂ ਤੋਂ ਨਸ਼ਾ ਲਿਆ ਕੇ ਵੇਚਦੇ ਹਨ। ਕੱਲ੍ਹ ਰਾਤ ਉਹ ਅੰਤਰ-ਰਾਜੀ ਸੀਮਾ ਤੋਂ ਡੋਡਿਆਂ ਦੀਆਂ ਦਸ ਬੋਰੀਆਂ ਲਿਆ ਰਹੇ ਸਨ। ਪੁਲਸ ਦੋਸ਼ੀਆਂ ਦੀ ਤਲਾਸ਼ ਕਰਦੀ ਹੋਣ ਦਾ ਪਤਾ ਲੱਗਣ ਉੱਤੇ ਦੋਸ਼ੀ ਆਪਣੀ ਗੱਡੀ ਦੀਆਂ ਲਾਈਟਾਂ ਬੁਝਾ ਕੇ ਪੁਲਸ ਤੋਂ ਬਚ ਕੇ ਅੱਗੇ ਨਿਕਲ ਗਏ। ਇਸੇ ਦੌਰਾਨ ਦੋਸ਼ੀਆਂ ਦੀ ਗੱਡੀ ਦੀ ਟੱਕਰ ਦੋਵੇਂ ਚਚੇਰੇ ਭਰਾਵਾਂ ਦੀ ਬਾਈਕ ਨਾਲ ਹੋ ਗਈ, ਪਰ ਉਹ ਰੁਕੇਨਹੀਂ ਅਤੇ ਬਾਈਕ ਸਮੇਤ ਇੱਕ ਕਿਲੋਮੀਟਰ ਤਕ ਘਸੀਟਦੇ ਲੈ ਗਏ। ਫਿਰ ਸੰਤੁਲਨ ਵਿਗੜਨ ਕਾਰਨ ਗੱਡੀ ਖੇਤਾਂ ਵਿੱਚ ਪਲਟ ਗਈ ਤਾਂ ਦੋਸ਼ੀ ਗੱਡੀ ਛੱਡ ਕੇ ਫਰਾਰ ਹੋ ਗਏ।ਇਸੇ ਪਿੰਡ ਦੇ ਨਰਿੰਦਰ ਭਿੰਡਰ ਨੇ ਦੱਸਿਆ ਕਿ ਮਰਹੂਮ ਗੁਰਸੇਵਕ ਦੇ ਪਰਵਾਰ ਵਿੱਚ ਵੱਡੀ ਭੈਣ ਤੇ ਮਾਤਾ-ਪਿਤਾ ਹਨ। ਉਸ ਦੇ ਮਾਤਾ-ਪਿਤਾ ਖੇਤਾਂ ਵਿੱਚ ਮਜ਼ਦੂਰੀ ਕਰ ਕੇ ਬੱਚੇ ਦੀ ਪੜ੍ਹਾਈ ਕਰਵਾ ਰਹੇ ਸਨ। ਪਰਵਾਰ ਦਾ ਸੁਫਨਾ ਸੀ ਕਿ ਗੁਰਸੇਵਕ ਪੁਲਸ ਵਿੱਚ ਭਰਤੀ ਹੋਵੇ। ਇਸ ਦੇ ਲਈ ਗੁਰਸੇਵਕ ਨੇ ਤਿਆਰੀ ਵੀ ਕੀਤੀ ਹੋਈ ਸੀ।

## ਜਾਇਦਾਦ ਖਾਤਰ ਨਸ਼ੇੜੀ ਪੁੱਤ ਵੱਲੋਂ ਬਾਪ ਦਾ ਕਤਲ

ਖੰਨਾ, 10 ਜੁਲਾਈ (ਪੋਸਟ ਬਿਊਰੋ)- ਥਾਣਾ ਦੋਰਾਹੇ ਦੇ ਪਿੰਡ ਚਣਕੋਈਆ ਵਿੱਚ ਐਨ ਆਰ ਆਈ ਵਿਅਕਤੀ ਦੇਕਤਲ ਦੀ ਗੁੱਥੀ ਪੁਲਸ ਨੇ ਸੁਲਝਾ ਲਈ ਹੈ। ਐਨ ਆਰ ਆਈ ਜਗਦੇਵ ਸਿੰਘ ਦਾ ਕਤਲ ਉਸ ਦੇ ਪੁੱਤਰ ਜਸਵਿੰਦਰ ਸਿੰਘ ਨੇ ਹੀ ਜਾਇਦਾਦ ਹੜੱਪਣ ਲਈ ਕੀਤਾ ਸੀ। ਉਸ ਦੀ ਗ੍ਰਿਫਤਾਰੀ ਲਈ ਵੱਖ-ਵੱਖ ਟੀਮਾਂ ਬਣਾ ਕੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਐਸ ਐਸ ਪੀ ਰਵੀ ਕੁਮਾਰ ਨੇ ਕਿਹਾ ਕਿ ਕੁਝ ਘੰਟਿਆਂ ਵਿੱਚ ਕਾਤਲ ਗ੍ਰਿਫਤਾਰ ਕਰ ਲਿਆ ਜਾਵੇਗਾ।

ਐਸ ਐਸ ਪੀ ਨੇ ਦੱਸਿਆ ਕਿ ਜਗਦੇਵ ਸਿੰਘ ਕੁਝ ਸਮਾਂ ਪਹਿਲਾਂ ਕੈਨੇਡਾ ਤੋਂ ਆਇਆ ਸੀ ਅਤੇ ਉਸ ਕੋਲ ਕਾਫੀ ਜ਼ਮੀਨ ਜਾਇਦਾਦ ਹੈ। ਉਸ ਦਾ ਵੱਡਾ ਪੁੱਤਰ ਜਸਵਿੰਦਰ ਸਿੰਘ ਕੋਈ ਕੰਮ ਨਹੀਂ ਕਰਦਾ ਸੀ ਤੇ ਨਸ਼ੇ ਕਰਦਾ ਰਹਿੰਦਾ ਸੀ। ਮ੍ਰਿਤਕ ਦਾ ਦੂਜਾ ਪੁੱਤਰ ਕਰੀਬ 10 ਸਾਲ ਤੋਂ ਕੈਨੇਡਾ ਵਿੱਚ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਸੀ ਸੀ ਟੀ ਵੀ ਫੁਟੇਜ ਤੋਂ ਪਤਾ ਲੱਗਾ ਹੈ ਕਿ ਸ਼ੁੱਕਰਵਾਰ ਜਦੋਂ ਦੋਰਾਹਾ ਵਿੱਚ ਜਗਦੇਵ ਸਿੰਘ ਇੱਕ ਸੁਸਾਈਟੀ ਦੀਆਂ ਚੋਣਾਂ ਵਿੱਚ ਵੋਟ ਪਾਉਣ ਲਈ ਜਾਣ ਲੱਗਾ ਤਾਂ ਉਸ ਦੇ ਪੁੱਤਰ ਜਸਵਿੰਦਰ ਸਿੰਘ ਨੇ ਉਸ ਦੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਕੇ ਉਸ ਨੂੰ ਕੁਰਸੀ ਉੱਤੇ ਬਿਠਾ ਦਿੱਤਾ ਤੇ ਜਾਦੂ ਕਰਨ ਦੀ ਗੱਲ ਆਖ ਕੇ ਕੁਝ ਦੇਰ ਉਥੇ ਬੈਠਣ ਨੂੰ ਕਿਹਾ। ਦੋਸ਼ੀ ਨੇ ਆਪਣੇ ਪਿਤਾ ਨੂੰ ਕਿਹਾ ਕਿ ਕੈਨੇਡਾ ਤੋਂ ਫੋਨ ਆਉਣ ਉੱਤੇ ਅੱਖਾਂ ਖੁੱਲ੍ਹਣਗੀਆਂ। ਅੱਖਾਂ ਉੱਤੇ ਪੱਟੀ ਬੰਨ੍ਹਣ ਪਿੱਛੋਂ ਪੁੱਤਰ ਨੇ ਪਿਤਾ ਦੇ ਸਿਰ ਉੱਤੇ ਤੇਜ਼ਧਾਰ ਹਥਿਆਰ ਨਾਲ ਅਜਿਹਾ ਹਮਲਾ ਕੀਤਾ ਕਿ ਪਿਤਾ ਨੂੰ ਹਿਲਣ ਦਾ ਸਮਾਂ ਵੀ ਨਹੀਂ ਮਿਲਿਆ। ਅਧਿਕਾਰੀ ਮੁਤਾਬਕ ਜਗਦੇਵ ਸਿੰਘ ਦੇ ਨਾਂਅ ਉੱਤੇ ਕਾਫੀ ਜ਼ਮੀਨ ਜਾਇਦਾਦ ਹੈ, ਜਿਸ ਬਾਰੇ ਮੁਲਜ਼ਮ ਕਾਫੀ ਸਮੇਂ ਤੋਂ ਸਾਜ਼ਿਸ਼ ਰਚ ਰਿਹਾ ਸੀ ਜਿਸ ਨੇ ਮੌਕਾ ਮਿਲਦੇ ਹੀ ਪਿਤਾ ਦਾ ਕਤਲ ਕਰ ਦਿੱਤਾ ਅਤੇ ਤੇਜ਼ਧਾਰ ਹਥਿਆਰਾਂ ਸਮੇਤ ਫਰਾਰ ਹੋ ਗਿਆ।

## ਪਤਨੀ ਸਮੇਤ ਸਹੁਰੇ ਪਰਵਾਰ ਉਤੇ ਹਮਲਾ ਕਰ ਕੇ ਖੁਦਕੁਸ਼ੀ ਕੀਤੀ

ਮੋਗਾ, 10 ਜੁਲਾਈ (ਪੋਸਟ ਬਿਊਰੋ)- ਨੇੜਲੇ ਪਿੰਡ ਖੋਸਾ ਪਾਂਡੋ ਦੇ ਗੁਰਮੁਖ ਸਿੰਘ (42 ਸਾਲ) ਪੁੱਤਰ ਨਿੰਦਰ ਸਿੰਘ ਦਾ ਵਿਆਹ ਪਿੰਡ ਤਤਾਰੀਏ ਵਾਲਾ ਵਾਸੀ ਸਰਵਣ ਸਿੰਘ ਦੀ ਪੁੱਤਰੀ ਗੁਰਮੀਤ ਕੌਰ ਨਾਲ ਕਰੀਬ 15 ਸਾਲ ਪਹਿਲਾਂ ਹੋਇਆ ਸੀ ਅਤੇ ਉਨ੍ਹਾਂ ਦੇ ਦੋ ਬੱਚੇ, ਇੱਕ ਬੇਟਾ ਅਤੇ ਇੱਕ ਬੇਟੀ ਹਨ। ਪਿਛਲੇ ਕੁਝ ਸਮੇਂ ਤੋਂ ਗੁਰਮੁਖ ਸਿੰਘ ਦਾ ਆਪਣੀ ਪਤਨੀ ਗੁਰਮੀਤ ਕੌਰ ਨਾਲ ਸਹੁਰੇ ਪਰਵਾਰ ਬਾਰੇ ਤਕਰਾਰ ਚੱਲਦਾ ਸੀ ਤੇ ਉਸ ਦੀ ਪਤਨੀ ਕਈ ਵਾਰ ਉਸ ਨਾਲ ਝਗੜਾ ਕਰ ਕੇ ਪੇਕੇ ਘਰ ਚਲੀ ਜਾਂਦੀ ਸੀ ਤੇ ਇਸ ਬਾਰੇ ਕਈ ਵਾਰ ਪੰਚਾਇਤੀ ਰਾਜ਼ੀਨਾਮਾ ਵੀ ਹੋਇਆ ਸੀ।

ਬੀਤੇ ਦਿਨੀਂ ਉਨ੍ਹਾਂ ਦਾ ਆਪਸ ਵਿੱਚ ਤਕਰਾਰ ਇੰਨਾ ਵੱਧ ਗਿਆ ਕਿ ਗੁਰਮੁਖ ਸਿੰਘ ਨੇ ਆਪਣੀ ਪਤਨੀ ਗੁਰਮੀਤ ਕੌਰ ਦੀ ਬੁਰੀ ਤਰ੍ਹਾ ਮਾਰਕੁੱਟ ਕੀਤੀ ਤਾਂ ਉਹ ਆਪਣੇ ਬੇਟੇ ਮਹਿਕਪ੍ਰੀਤ ਨੂੰ ਲੈ ਕੇ ਪਿੰਡ ਤਤਾਰੀਏ ਵਾਲਾ ਆਪਣੇ ਪੇਕੇ ਘਰ ਚਲੀ ਗਈ ਤੇ ਥਾਣਾ ਸਦਰ ਮੋਗਾ ਵਿੱਚ ਮਾਰਕੁੱਟ ਦੀ ਸ਼ਿਕਾਇਤ ਕਰ ਦਿੱਤੀ। ਇਸ ਬਾਰੇ ਜਦ ਗੁਰਮੁੱਖ ਨੂੰ ਥਾਣਾ ਸਦਰਤੋਂ ਫੋਨ ਆਇਆ ਤਾਂ ਉਹ ਗੁੱਸੇ ਵਿੱਚ ਭੜਕ ਗਿਆ ਤੇ ਰਾਤ ਕਰੀਬ 2.15 ਵਜੇ ਮੋਟਰ ਸਾਈਕਲ ਉੱਤੇ ਪਿੰਡ ਤਤਾਰੀਏ ਵਾਲਾ ਜਾ ਕ ਕੰਧ ਟੱਪ ਕੇ ਸੁੱਤੇ ਹੋਏ ਸਹੁਰੇ ਪਰਵਾਰ ਉੱਤੇ ਕਿਰਪਾਨ ਨਾਲ ਹਮਲਾ ਕਰ ਦਿੱਤਾ, ਜਿਸ ਦੌਰਾਨ ਉਸ ਦੀ ਪਤਨੀ ਗੁਰਮੀਤ ਕੌਰ, ਸਹੁਰਾ ਸਰਵਣ ਸਿੰਘ, ਸੱਸ ਪਰਮਜੀਤ ਕੌਰ ਤੇ ਹੋਰ ਲੋਕ ਬੁਰੀ ਤਰ੍ਹਾਂ ਜ਼ਖਮੀ ਹੋ ਗਏ।ਬਾਅਦ ਵਿੱਚ ਆਪਣੇ ਘਰ ਖੋਸਾ ਪਾਂਡੋ ਆ ਕੇ ਉਸ ਨੇ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ।






# ਐਸ ਯੂ ਵੀ ਹਾਦਸੇ ਕਾਰਨ ਲਾੜੇ ਦੇ ਰਿਸ਼ਤੇਦਾਰ ਦੀ ਮੌਤ, ਚਾਰ ਜ਼ਖਮੀ



ਚੰਬਾ, 10 ਜੁਲਾਈ (ਪੋਸਟ ਬਿਊਰੋ)- ਜ਼ਿਲ੍ਹਾ ਚੰਬਾ ਦੇ ਚੁਰਾਹਾ ਇਲਾਕੇ ਵਿੱਚ ਬਰਾਤ ਦੀ ਐਸ ਯੂ ਵੀ ਹਾਦਸਾ ਗ੍ਰਸਤ ਹੋ ਗਈ, ਜਿਸ ਵਿੱਚ ਸਵਾਰ ਪੰਜ ਨੌਜਵਾਨਾਂ ਵਿੱਚੋਂ ਇੱਕ ਦੀ ਮੌਤ ਹੋ ਗਈ ਅਤੇ ਚਾਰ ਜ਼ਖਮੀ ਹੋ ਗਏ। ਪੁਲਸ ਨੇ ਮ੍ਰਿਤਕ ਵਾਹਨ ਚਾਲਕ ਦੇ ਖਿਲਾਫ ਲਾਪਰਵਾਹੀ ਤੇ ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਦਾ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਖਮੀਆਂ ਨੂੰ ਇਲਾਜ ਲਈ ਮੈਡੀਕਲ ਕਾਲਜ ਚੰਬਾ ਰੈਫਰ ਕਰ ਦਿੱਤਾ ਗਿਆ ਹੈ।

ਚੁਰਾਹਾ ਘਾਟੀ ਦੇ ਚਾਂਜੂ ਖੇਤਰ ਵਿੱਚ ਇੱਕ ਬਰਾਤ ਗਈ ਸੀ। ਇਸ ਵਿੱਚ ਚਾਰ ਨੌਜਵਾਨ ਐਸ ਯੂ ਵੀ ਗੱਡੀ ਵਿੱਚ ਗਏ ਸਨ। ਸ਼ੁੱਕਰਵਾਰ ਰਾਤ ਸਾਢੇ 11 ਵਜੇ ਜਦ ਉਹ ਵਾਪਸ ਆ ਰਹੇ ਸਨ ਤਾਂ ਭਾਰੀ ਮੀਂਹ ਪੈ ਰਿਹਾ ਸੀ। ਇਸ ਕਾਰਨ ਗੱਡੀ ਤਿਲਕ ਕੇ ਸੜਕ ਤੋਂ ਪੰਜਾਹ ਮੀਟਰ ਹੇਠਾਂ ਜਾ ਡਿੱਗੀ। ਹਾਦਸੇ ਵਿੱਚ ਗੱਡੀ ਚਾਲਕ ਰਾਹੁਲ ਅਤੇ ਚਾਰ ਨੌਜਵਾਨ ਗੰਭੀਰ ਜ਼ਖਮੀ ਹੋ ਗਏ। ਹਸਪਤਾਲ ਲਿਆਉਂਦੇ ਸਮੇਂ ਰਾਹੁਲ ਨੇ ਰਸਤੇ ਵਿੱਚ ਦਮ ਤੋੜ ਦਿੱਤਾ। ਜ਼ਖਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਤੀਸਾ ਲਿਆਂਦਾ ਗਿਆ ਤੇ ਉਨ੍ਹਾਂ ਨੂੰ ਮੁੱਢਲੇ ਇਲਾਜ ਪਿੱਛੋਂ ਮੈਡੀਕਲ ਕਾਲਜ ਚੰਬਾ ਰੈਫਰ ਕਰ ਦਿੱਤਾ ਗਿਆ। ਪੁਲਸ ਚੌਕੀ ਨਕਰੋੜ ਨੂੰ ਇਸ ਹਾਦਸੇ ਦੀ ਸੂਚਨਾ ਮਿਲੀ ਤਾਂ ਉਸ ਨੇ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ।ਪੁਲਸ ਅਨੁਸਾਰ ਮੁਕੇਸ਼ ਕੁਮਾਰ ਪੁੱਤਰ ਮਹਿੰਦਰ ਸਿੰਘ ਪਿੰਡ ਤੀਸਾ ਨੇ ਪੁਲਸ ਨੂੰ ਦੱਸਿਆ ਕਿ 32 ਸਾਲਾ ਰਾਹੁਲ ਵੱਲੋਂ ਤੇਜ਼ ਰਫਤਾਰ ਤੇ ਲਾਪਰਵਾਹੀ ਨਾਲ ਗੱਡੀ ਚਲਾਉਣ ਕਾਰਨ ਹਾਦਸਾ ਹੋਇਆ। ਗੱਡੀ ਵਿੱਚ ਸਵਾਰ ਬਾਕੀ ਚਾਰ ਜ਼ਖਮੀਆਂ ਦੀ ਪਛਾਣ ਅਭਿਨਵ ਪੁੱਤਰ ਪਵਨ ਠਾਕੁਰ ਪਿੰਡ ਕੋਟੀ, ਨੀਰਜ ਪੁੱਤਰ ਯੋਗਰਾਜ, ਸੁਨੀਲ ਕੁਮਾਰ ਪੁੱਤਰ ਦੇਵੀ ਸਿੰਘ ਤੇ ਰੋਹਿਤ ਕੁਮਾਰ ਪੁੱਤਰ ਹਿੰਮਤ ਸਿੰਘ ਵਾਸੀ ਪਿੰਡ ਤੀਸਾ ਇਸ ਹਾਦਸੇ ਵਿੱਚ ਜ਼ਖਮੀ ਹੋ ਗਏ।

# ਭਾਰਤੀ ਮੂਲ ਦੇ ਰਿਸ਼ੀ ਬਣ ਸਕਦੇ ਨੇ ਬ੍ਰਿਟੇਨ ਦੇ ਅਗਲੇ ਪ੍ਰਧਾਨ ਮੰਤਰੀ

ਲੰਡਨ, 10 ਜੁਲਾਈ (ਪੋਸਟ ਬਿਊਰੋ)- ਭਾਰਤੀ ਮੂਲ ਦੇ ਰਿਸ਼ੀ ਸੁਨਕ ਬ੍ਰਿਟੇਨ ਦੇ ਅਗਲੇ ਪ੍ਰਧਾਨ ਮੰਤਰੀ ਬਣ ਸਕਦੇ ਹਨ। ਉਨ੍ਹਾ ਨੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੀ ਥਾਂ ਕੰਜ਼ਰਵੇਟਿਵ ਪਾਰਟੀ ਦੇ ਨਵੇਂ ਨੇਤਾ ਲਈ ਦਾਅਵੇਦਾਰੀ ਪੇਸ਼ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਵੀਰਵਾਰ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਦਾ ਅਹੁਦਾਛੱਡਣ ਦਾ ਐਲਾਨ ਕਰ ਦਿੱਤਾ ਸੀ, ਜਿਸ ਤੋਂ ਬਾਅਦ ਪਾਰਟੀ ਦਾ ਨਵਾਂ ਨੇਤਾ ਚੁਣਿਆ ਜਾਵੇਗਾ, ਜੋ ਦੇਸ਼ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲੇਗਾ।ਰਿਸ਼ੀ ਸੁਨਕ ਦੇ ਦਾਅਵੇ ਨਾਲ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਵਿੱਚ ਕੁੱਲ ਪੰਜ ਜਣੇ ਸ਼ਾਮਲ ਹੋ ਗਏ ਹਨ। ਬੋਰਿਸ ਜਾਨਸਨ ਵੱਲੋਂ ਅਹੁਦਾ ਛੱਡਣ ਦੇ ਐਲਾਨ ਪਿੱਛੋਂ ਇਸ ਅਹੁਦੇ ਲਈ ਪੰਜ ਦਾਅਵੇਦਾਰ ਅੱਗੇ ਆਏ ਹਨ, ਜਿਨ੍ਹਾਂ ਵਿੱਚ ਭਾਰਤੀ ਮੂਲ ਦੀ ਸੁਏਲਾ ਬ੍ਰੇਵਰਮੈਨ, ਕੰਜ਼ਰਵੇਟਿਵ ਪਾਰਟੀ ਦੇ ਪਾਰਲੀਮੈਂਟ ਮੈਂਬਰ ਸਟੀਵ ਬੇਕ, ਮੰਤਰੀ ਗ੍ਰਾਂਟ ਸੈਪਸ, ਟਾਮ ਅਤੇ ਰਿਸ਼ੀ ਸੁਨਕ ਸ਼ਾਮਲ ਹਨ।



ਬ੍ਰਿਟਿਸ਼ ਪ੍ਰਧਾਨ ਮੰਤਰੀ ਲਈ ਆਪਣੀ ਦਾਅਵੇਦਾਰੀ ਪੇਸ਼ ਕਰਦੇ ਹੋਏ ਰਿਸ਼ੀ ਸੁਨਕ ਨੇ ਟਵਿੱਟਰ ਉਤੇ ਲਿਖਿਆ, ''ਮੈਂ ਕੰਜ਼ਰਵੇਟਿਵ ਪਾਰਟੀ ਦਾ ਅਗਲਾ ਨੇਤਾ ਤੇ ਤੁਹਾਡਾ ਪ੍ਰਧਾਨ ਮੰਤਰੀ ਬਣਨ ਲਈ ਖੜਾ ਹਾਂ। ਆਓ ਵਿਸ਼ਵਾਸ ਹਾਸਲ ਕਰੀਏ, ਆਰਥਿਕਤਾ ਦਾ ਮੁੜ ਉਸਾਰੀ ਕਰੀਏ ਅਤੇ ਦੇਸ਼ ਨੂੰ ਦੁਬਾਰਾ ਜੋੜੀਏ।'' ਰਿਸ਼ੀ ਸੁਨਕ ਬ੍ਰਿਟੇਨ ਦੇ ਵਿੱਤ ਮੰਤਰੀ (ਖਜ਼ਾਨੇ ਦੇ ਚਾਂਸਲਰ) ਦਾ ਅਹੁਦਾ ਸੰਭਾਲਣ ਵਾਲੇ ਪਹਿਲੇ ਭਾਰਤੀ ਮੂਲ ਦੇ ਆਗੂ ਹਨ। ਉਨ੍ਹਾਂ ਨੇ ਹਾਲ ਹੀ ਵਿੱਚ ਬੋਰਿਸ ਸਰਕਾਰ ਤੋਂ ਅਸਤੀਫਾ ਦੇ ਦਿੱਤਾ ਸੀ।ਟਵਿੱਟਰ ਉੱਤੇ ਆਪਣੀ ਮੁਹਿੰਮ ਦਾ ਵੀਡੀਓ ਜਾਰੀ ਕਰ ਕ ਉਨ੍ਹਾਂ ਕਿਹਾ, ''ਕਿਸੇ ਨੂੰ ਇਸ ਮੌਕੇਉਠਣਾ ਅਤੇ ਸਹੀ ਫੈਸਲਾ ਲੈਣਾ ਚਾਹੀਦਾ ਹੈ। ਇਸ ਲਈ ਮੈਂ ਕੰਜ਼ਰਵੇਟਿਵ ਪਾਰਟੀ ਦਾ ਅਗਲਾ ਨੇਤਾ ਅਤੇ ਤੁਹਾਡਾ ਪ੍ਰਧਾਨ ਮੰਤਰੀ ਬਣਨ ਲਈ ਖੜ੍ਹਾ ਹਾਂ।'' ਰਿਸ਼ੀ ਸੁਨਕ ਨੂੰ ਕੋਰੋਨਾ ਦੌਰਾਨ ਬ੍ਰਿਟੇਨ ਦੇ ਲੋਕਾਂ ਤੋਂ ਕਾਫੀ ਤਾਰੀਫ ਮਿਲੀ ਸੀ। ਕੋਰੋਨਾ ਨਾਲ ਆਈ ਆਰਥਿਕ ਉਥਲ-ਪੁਥਲ ਦੌਰਾਨ ਰਿਸ਼ੀ ਸੁਨਕ ਲਗਾਤਾਰ ਲੋਕਾਂ ਨਾਲ ਜੁੜੇ ਰਹੇ।

# ਅਮਰੀਕਾ ਵਿੱਚ ਗਰਭਪਾਤ ਉੱਤੇ ਪਾਬੰਦੀ ਲਾਗੂ ਹੋਈ




ਵਾਸ਼ਿੰਗਟਨ, 10 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਗਰਭਪਾਤ ਉੱਤੇ ਪਾਬੰਦੀ ਲਾਉਣ ਵਾਲੇ ਕਾਰਜਕਾਰੀ ਹੁਕਮ ਉੱਤੇਕੱਲ੍ਹਦਸਤਖਤ ਕਰ ਦਿੱਤੇ। ਉਨ੍ਹਾਂ ਨੇ ਗਰਭਪਾਤ ਦੇ ਸੰਵਿਧਾਨਕ ਅਧਿਕਾਰ ਉੱਤੇ ਰੋਕ ਲਾਉਣ ਵਾਲੇ ਸੁਪਰੀਮ ਕੋਰਟ ਦੇ ਹੁਕਮ ਦੀ ਆਲੋਚਨਾ ਕੀਤੀ ਤੇ ਲੋਕਾਂ ਨੂੰ ਇਸ ਫੈਸਲੇ ਤੋਂ ਨਿਰਾਸ਼ ਨਾ ਹੋਣ ਦੀ ਅਪੀਲ ਕੀਤੀ। ਬਾਇਡੇਨ ਨੇ ਕਿਹਾ ਕਿ ਗਰਭਪਾਤ ਦੇ ਅਧਿਕਾਰ ਕਾਇਮ ਰੱਖਣ ਦਾ ਸਭ ਤੋਂ ਤੇਜ਼ ਤਰੀਕਾ ਇੱਕ ਰਾਸ਼ਟਰੀ ਕਾਨੂੰਨ ਪਾਸ ਕਰਨਾ ਹੈ। ਇਸ ਲਈ ਵੋਟ ਪਾਉਣ ਦੀ ਚੁਣੌਤੀ ਹੈ।

ਜੋ ਬਾਇਡੇਨ ਵੱਲੋਂ ਸਰਕਾਰੀ ਹੁਕਮ ਉੱਤੇਦਸਤਖਤ ਕਰਨ ਨਾਲ ਨਿਆਂ ਮੰਤਰਾਲੇ ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਮੰਤਰਾਲੇ ਨੂੰ ਔਰਤਾਂ ਨੂੰ ਗਰਭਪਾਤ ਕਰਾਉਣ ਜਾਂ ਉਨ੍ਹਾਂ ਰਾਜਾਂ ਦੀ ਯਾਤਰਾ ਉੱਤੇ ਪਾਬੰਦੀ ਲਾਉਣ ਦਾ ਅਧਿਕਾਰ ਮਿਲ ਗਿਆ ਹੈ, ਜਿੱਥੇ ਗਰਭਪਾਤ ਉੱਤੇ ਪੂਰੀ ਤਰ੍ਹਾਂ ਪਾਬੰਦੀ ਨਹੀਂ।ਅਮਰੀਕਾ ਦੇ ਕੁਝ ਰਾਜਾਂ ਵਿੱਚ ਅਜੇ ਵੀ ਗਰਭਪਾਤ ਦੀ ਇਜਾਜ਼ਤ ਹੈ, ਪਰ ਇਸ ਲਈ ਸਖਤ ਸ਼ਰਤਾਂ ਦਾ ਪਾਲਣ ਕਰਨਾ ਪੈਂਦਾ ਹੈ। ਰੂਜ਼ਵੈਲਟ ਰੂਮ ਵਿੱਚ ਦਸਖਤ ਕਰਨ ਸਮੇਂ ਬਾਇਡੇਨ ਦੇ ਨਾਲ ਉਪ ਰਾਸ਼ਟਰਪਤੀ ਕਮਲਾ ਹੈਰਿਸ, ਸਿਹਤ ਅਤੇ ਮਨੁੱਖੀ ਸੇਵਾਵਾਂ ਮੰਤਰੀ ਜੇਵੀਅਰ ਬੇਸੇਰਾ ਅਤੇ ਡਿਪਟੀ ਅਟਾਰਨੀ ਜਨਰਲ ਲੀਜਾ ਮੋਨਾਕੋ ਮੌਜੂਦ ਸਨ।

ਵਰਨਣ ਯੋਗ ਹੈ ਕਿ ਅਮਰੀਕੀ ਸੁਪਰੀਮ ਕੋਰਟ ਨੇ 24 ਜੂਨ ਨੂੰ ਗਰਭਪਾਤ ਲਈ ਸੰਵਿਧਾਨਕ ਸੁਰੱਖਿਆ ਨੂੰ ਰੱਦ ਕਰ ਦਿੱਤਾ ਸੀ। ਅਦਾਲਤ ਦਾ ਫੈਸਲਾ ਬਹੁਤੇ ਅਮਰੀਕੀਆਂ ਦੀ ਰਾਏ ਇਸ ਦੇ ਉਲਟ ਸੀ ਕਿ 1973 ਦੇ ਰੋ ਬਨਾਮ ਵੇਡ ਫੈਸਲੇ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਔਰਤਾਂ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਸੀ ਕਿ ਗਰਭਪਾਤ ਕਰਵਾਉਣਾ ਹੈ ਜਾਂ ਨਹੀਂ।

# ਲੁੱਟ ਖੋਹ ਦਾ ਦੋਸ਼ੀ ਦਿੱਲੀ ਪੁਲਸ ਨਾਲ ਮੁਕਾਬਲੇ ’ਚ ਮਾਰਿਆ ਗਿਆ




ਨਵੀਂ ਦਿੱਲੀ, 10 ਜੁਲਾਈ (ਪੋਸਟ ਬਿਊਰੋ)- ਉਤਰ ਪੂਰਬੀ ਦਿੱਲੀ ਦੇ ਜਮਨਾ ਖਾਦਰ ਇਲਾਕੇ ਵਿੱਚ ਕੱਲ੍ਹ ਪੁਲਸ ਨਾਲ ਮੁਕਾਬਲੇ ਵਿੱ-ਚਇੱਕ 23 ਸਾਲਾ ਨੌਜਵਾਨ ਮਾਰਿ-ਰਆ ਗਿਆ ਅਤੇ ਉਸ ਦੇ ਤਿੰਨ ਸਾਥੀ ਗ੍ਰਿਫਤਾਰ ਕਰ ਲਏ ਗਏ। ਪੁਲਸ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਆਕਾਸ਼ ਉਰਫ ਈਲੂ ਵਾਸੀ ਕਰਤਾਰ ਨਗਰ ਵਜੋਂ ਹੋਈ ਗਈ ਹੈ।

ਸੀਨੀਅਰ ਅਧਿਕਾਰੀ ਦੱਸਿਆ ਕਿ ਰਾਤ 8.30 ਵਜੇ ਪੁਲਸ ਨੇ ਇੱਕ ਜ਼ਖਮੀ ਵਿਅਕਤੀ ਨੂੰ ਦੇਖਿਆ, ਜੋ ਖਾਦਰ ਖੇਤਰ ਵਿੱਚ ਆ ਰਿਹਾ ਸੀ। ਬਾਅਦ ਵਿੱਚ ਉਸ ਦੀ ਪਛਾਣ ਤੁਸ਼ਾਰ ਦੇ ਰੂਪ ਵਿੱਚ ਕੀਤੀ ਗਈ। ਉਸ ਨੇ ਪੁਲਸ ਨੂੰ ਦੱਸਿਆ ਕਿ ਪੰਜ-ਛੇ ਜਣਿਆਂ ਨੇ ਉਸ ਉੱਤੇ ਹਮਲਾ ਕੀਤਾ ਤੇ ਉਸ ਦਾ ਮੋਬਾਈਲ ਖੋਹ ਲਿਆ। ਪੁਲਸ ਮੁਤਾਬਕ ਉਹ ਵਿਅਕਤੀ ਗੰਭੀਰ ਜ਼ਖਮੀ ਸੀ, ਇਸ ਲਈ ਉਸ ਨੂੰ ਹਸਪਤਾਲ ਭੇਜ ਦਿੱਤਾ ਗਿਆ। ਇਸ ਦੇ ਬਾਅਦ ਪੁਲਸ ਸ਼ੱਕੀਆਂ ਦੀ ਭਾਲ ਵਿੱਚ ਉਸ ਇਲਾਕੇ ਵਿੱਚ ਗਈ ਅਤੇ ਸੰਘਣੇ ਜੰਗਲ ਵਿੱਚ ਪਹੁੰਚ ਗਈ। ਸੱਤ-ਅੱਠ ਸ਼ੱਕੀ ਲੋਕਾਂ ਨੂੰ ਦੇਖ ਕੇ ਪੁਲਸ ਨੇ ਉਨ੍ਹਾਂ ਨੂੰ ਬਾਹਰ ਆਉਣ ਨੂੰ ਕਿਹਾ, ਪਰ ਉਨ੍ਹਾਂ ਨੇ ਪੁਲਸ ਉੱਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਪੁਲਸ ਨੇ ਉਨ੍ਹਾਂ ਨੂੰ ਸਮਰਪਣ ਕਰਨ ਨੂੰ ਕਿਹਾ, ਪਰ ਉਨ੍ਹਾਂ ਮੁੜ ਗੋਲੀ ਚਲਾਈ। ਡਿਪਟੀ ਕਮਿਸ਼ਨਰਪੁਲਸ ਸੰਜੇ ਕੁਮਾਰ ਸੈਨ ਦੇ ਮੁਤਾਬਕ ਜਵਾਬੀ ਫਾਇਰਿੰਗ ਵਿੱਚ ਇੱਕ ਸ਼ੱਕੀ ਨੂੰ ਗੋਲੀ ਲੱਗੀ ਅਤੇ ਉਹ ਡਿੱਗ ਗਿਆ ਅਤੇ ਬਾਕੀ ਲੋਕ ਦੌੜ ਗਏ। ਜ਼ਖਮੀ ਦੀ ਪਛਾਣ ਆਕਾਸ਼ ਵਜੋਂ ਹੋਈ ਹੈ, ਜਿਸ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਨੂੰ ਮੌਕੇ ਤੋਂ ਇੱਕ ਪਿਸਤੌਲ, ਦੋ ਖੋਲਮਿਲੇ ਹਨ। ਆਕਾਸ਼ ਲੁੱਟ ਖੋਹ ਸਮੇਤ ਸੱਤ ਕੇਸਾਂ ਵਿੱਚ ਸ਼ਾਮਲ ਸੀ। ਅਧਿਕਾਰੀ ਨੇ ਕਿਹਾ ਕਿ ਉਸ ਨੂੰ ਨਿਊ ਉਸਮਾਨਪੁਰ ਥਾਣੇ ਦੇ ਇੱਕ ਕੇਸ ਵਿੱਚ ਛੇ ਜੂਨ ਨੂੰ ਜ਼ਮਾਨਤ ਮਿਲੀ ਸੀ। ਪੁਲਸ ਨੇ ਬਾਅਦ ਵਿੱਚ ਦੱਸਿਆ ਕਿ ਆਕਾਸ਼ ਦੇ ਤਿੰਨ ਸਾਥੀਆਂ ਨੂੰ ਵੀ ਜਮਨਾ ਖਾਦਰ ਇਲਾਕੇ ਤੋਂ ਫੜਿਆ ਹੈ, ਜਿਨ੍ਹਾਂ ਦੀ ਪਛਾਣ ਵਿਸ਼ਾਲ, ਮੋਨੂੰ ਅਤੇ ਵਿਕਾਸ ਵਜੋਂ ਹੋਈ ਹੈ। ਦੋਸ਼ੀਆਂ ਕੋਲੋਂ ਅੱਠ ਮੋਬਾਈਲ ਫੋਨ, ਇੱਕ ਦੇਸੀ ਪਿਸਤੌਲ, ਦੋ ਕਾਰਤੂਸ ਅਤੇ ਇੱਕ ਚਾਕੂ ਬਰਾਮਦ ਕੀਤਾ ਗਿਆ ਹੈ।

# ਅਜਮੇਰ ਵਿੱਚ ਇਸਲਾਮ ਦੇ ਦੋ ਵੱਖੋ-ਵੱਖ ਚਿਹਰੇ ਸਾਹਮਣੇ ਆਏ



ਜੈਪੁਰ, 10 ਜੁਲਾਈ (ਪੋਸਟ ਬਿਊਰੋ)- ‘ਦ ਟੂ ਫੇਸਿਸ ਆਫ ਇਸਲਾਮ' ਸਟੀਫਨ ਸ਼ਵਾਰਟਜ਼ ਵੱਲੋਂ ਲਿਖੀ ਇੱਕ ਪ੍ਰਸਿੱਧ ਪੁਸਤਕ ਹੈ, ਜਿਸ ਨੇ ਪਿਛਲੇ 1500 ਸਾਲਾਂ ਵਿੱਚ ਉਭਰੇ ਕੱਟੜਪੰਥੀ ਫਿਰਕਿਆਂ ਤੋਂ ਪ੍ਰਾਚੀਨ ਮਾਨਤਾਵਾਂ ਨੂੰ ਵੱਖ ਕਰਨ ਵਾਲੇ ਗੰਭੀਰ ਦਾਰਸ਼ਨਿਕ ਅਤੇ ਧਾਰਮਿਕ ਮਤਭੇਦਾਂ ਦਾ ਵਰਣਨ ਕੀਤਾ ਹੈ।

ਸ਼ਵਾਰਟਜ ਨੇ ਇਸਲਾਮ ਦੇ ਅਧਿਅਨ ਲਈ ਕਈ ਸਾਲ ਲਾਏ ਸਨ ਤੇ ਆਪਣੀ ਕਿਤਾਬ ਵਿੱਚ ਇਸ ਦੇ ਉਲਝਾਵੇਂ ਇਤਿਹਾਸ ਦੀ ਵਿਆਖਿਆ ਕੀਤੀ ਹੈ।ਅਜਮੇਰ ਵਿੱਚ ਇਸਲਾਮ ਦੇ ਦੋ ਚਿਹਰਿਆਂ ਦੀ ਕਹਾਣੀ ਤਦ ਸਾਹਮਣੇ ਆਈ ਜਦ ਦੋ ਮੁਸਲਮਾਨ ਪੁਰਸ਼ਾਂ, ਦੋਵਾਂ ਦਾ ਨਾਂਅ ਸਲਮਾਨ ਚਿਸ਼ਤੀ, ਨੂੰ ਸੋਸ਼ਲ ਮੀਡੀਆ ਉੱਤੇ ਟ੍ਰੈਂਡ ਕਰਦੇ ਹੋਏ ਦੇਖਿਆ ਗਿਆ, ਪਰ ਦੋਵਾਂ ਦੇ ਅਲੱਗ ਅਲੱਗ ਕਾਰਨ ਸਨ। ਪਹਿਲਾ ਵਿਅਕਤੀ ਹਿਸਟਰੀਸ਼ੀਟਰ ਹੈ, ਜਿਸ ਨੂੰ ਭਾਜਪਾ ਦੀ ਸਸਪੈਂਡ ਕੀਤੀ ਹੋਈ ਬੁਲਾਰਾ ਨੂਪੁਰ ਸ਼ਰਮਾ ਦਾ ਸਿਰ ਵੱਢਣ ਲਈ ਇਨਾਮ ਦਾ ਐਲਾਨ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਦੂਸਰਾ ਹਾਜੀ ਸੈਯਦ ਸਲਮਾਨ ਚਿਸ਼ਤੀ, ਦਰਗਾਹ ਅਜਮੇਰ ਸ਼ਰੀਫ ਦੇ ਗੱਦੀ ਨਸ਼ੀਨ (ਵੰਸ਼ ਅਨੁਸਾਰ ਸਰਪ੍ਰਸਤ, ਪ੍ਰਧਾਨ ਪੁਜਾਰੀ) ਹੈ।ਦਰਗਾਹ ਅਜਮੇਰ ਸ਼ਰੀਫ ਦੇ ਚਿਸ਼ਤੀ ਨੇ ਇੱਕ ਬਿਆਨ ਵਿੱਚ ਕਿਹਾ, ''ਉਦੈਪੁਰ ਵਿੱਚ ਇੱਕ ਸਾਥੀ ਭਾਰਤੀ ਨਾਗਰਿਕ ਦੀ ਹੱਤਿਆ ਦਾ ਬੇਰਹਿਮ ਅਪਰਾਧਕ ਕਾਰਾ ਮਨੁੱਖਤਾ ਦੇ ਖਿਲਾਫ ਅਪਰਾਧ ਦਾ ਘਿਨੌਣਾ ਕਾਰਾ ਹੈ, ਜੋ ਕਿਸੇ ਵੀ ਧਰਮ ਜਾਂ ਖੇਤਰ ਦੀ ਅਗਵਾਈ ਨਹੀਂ ਕਰਦਾ। ਅਪਰਾਧੀਆਂ ਨੂੰ ਉਚ ਪੱਧਰ ਉੱਤੇ ਸਮਰੱਥ ਅਧਿਕਾਰੀਆਂ ਵਲੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।''ਉਨ੍ਹਾਂ ਨੇ ਕਿਹਾ, ''ਇਸ ਪੁਸਤਕ ਨੇ ਇਸਲਾਮ ਦੇ ਦੋ ਚਿਹਰਿਆਂ ਨੂੰ ਵਿਸਥਾਰ ਵਿੱਚ ਵਿੱਚ ਪੇਸ਼ ਕੀਤਾ ਹੈ। ਅਜਮੇਰ ਵਿੱਚ ਸਲਮਾਨ ਚਿਸ਼ਤੀ ਨਾਂਅ ਦੇ ਦੋ ਵਿਅਕਤੀਆਂ ਦੀ ਇਹ ਛੋਟੀ ਜਿਹੀ ਕਹਾਣੀ ਹੈ, ਮੈਨੂੰ ਲੱਗਦਾ ਹੈ, ਪੁਸਤਕ ਇੱਕੋ ਗਹਿਰਾ ਸੰਦੇਸ਼ ਪੇਸ਼ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਦੁਨੀਆ ਇਸ ਨੂੰ ਸਮਝਦੀ ਹੈ। ਦੂਸਰੇ ਸਲਮਾਨ ਚਿਸ਼ਤੀ, ਜਿਨ੍ਹਾਂ ਦੇ ਖਿਲਾਫ 15 ਤੋਂ ਵੱਧ ਕੇਸ ਦਰਜ ਹਨ, ਆਪਣੀ ਘਟੀਆ ਸ਼ਬਦਾਵਲੀ ਨਾਲ ਜਨਤਾ ਨੂੰ ਭੜਕਾਅ ਕੇ ਪੁਲਸ ਨੂੰ ਪ੍ਰੇਸ਼ਾਨ ਕਰਨ ਵਾਲਾ ਸਮਾਂ ਦੇ ਰਹੇ ਹਨ।

# ਜੀਪ ਨੇ ਸੜਕ ਕਿਨਾਰੇ ਬੈਠੇ 8 ਜਣਿਆਂ ਨੂੰ ਕੁਚਲਿਆ, ਛੇ ਮੌਤਾਂ





ਚਿਤਰਕੂਟ, 10 ਜੁਲਾਈ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਚਿਤਰਕੂਟ ਜ਼ਿਲ੍ਹੇ ਵਿੱਚ ਭ੍ਰਤਕੂਪ ਥਾਣਾ ਖੇਤਰ ਦੇ ਰੌਲੀ ਕਲਿਆਣਪੁਰ ਪਿੰਡ ਵਿੱਚ ਕੱਲ੍ਹ ਸਵੇਰੇ ਇੱਕ ਬੇਕਾਬੂ ਪਿਕਅਪ ਜੀਪ ਨੇ ਸੜਕ ਕਿਨਾਰੇ ਬੈਠੇ ਅੱਠ ਜਣਿਆਂ ਨੂੰ ਕੁਚਲ ਦਿੱਤਾ। ਇਨ੍ਹਾਂ ਵਿੱਚੋਂ ਛੇ ਦੀ ਮੌਤ ਹੋ ਗਈ ਅਤੇ ਦੋ ਗੰਭੀਰ ਜ਼ਖਮੀ ਹੋ ਗਏ।

ਚਿਤਰਕੂਟ ਜ਼ਿਲ੍ਹੇ ਦੇ ਐਡੀਸ਼ਨਲ ਪੁਲਸ ਸੁਪਰਡੈਂਟ (ਏ ਐਸ ਪੀ) ਸ਼ੈਲੇਂਦਰ ਰਾਏ ਨੇ ਦੱਸਿਆ ਕਿ ਸਵੇਰੇ ਕਰੀਬ 6.30 ਵਜੇ ਬਾਂਦਾ ਵੱਲੋਂ ਚਿਤਰਕੂਟ ਆ ਰਹੀ ਟਮਾਟਰ ਨਾਲ ਭਰੀ ਤੇਜ਼ ਰਫਤਾਰ ਪਿਕਅਪ ਜੀਪ ਨੇ ਰੌਲੀ ਕਲਿਆਣਪੁਰ ਪਿੰਡ ਵਿੱਚ ਸੜਕ ਕਿਨਾਰੇ ਬੈਠੇ ਅੱਠ ਲੋਕਾਂ ਨੂੰ ਕੁਚਲ ਦਿੱਤਾ। ਹਾਦਸੇ ਵਿੱਚ ਨਰੇਸ਼, ਅਰਵਿੰਦ, ਰਾਮਸਰੂਪ ਅਤੇ ਸੋਮਦੱਤ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਭਾਨੂ ਪ੍ਰਤਾਪ ਨੇ ਇਲਾਜ ਦੌਰਾਨ ਹਸਪਤਾਲ ਵਿੱਚ ਦਮ ਤੋੜ ਦਿੱਤਾ। ਉਨ੍ਹਾਂ ਦੱਸਿਆ ਕਿ ਭਗਵਾਨ ਦਾਸ (45) ਅਤੇ ਰਾਮ ਨਾਰਾਇਣ (50) ਦੀ ਹਾਲਤ ਗੰਭੀਰ ਹੈ ਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਏ ਐਸ ਪੀ ਨੇ ਦੱਸਿਆ ਕਿ ਸਾਰੇ ਮ੍ਰਿਤਕ ਅਤੇ ਜ਼ਖਮੀ ਬਾਂਦਾ ਜ਼ਿਲ੍ਹੇ ਦੇ ਇਕੋ ਪਿੰਡ ਦੇ ਵਾਸੀ ਸਨ। ਇਹ ਲੋਕ ਵਿਆਹ ਸਮਾਰੋਹ ਵਿੱਚ ਸ਼ਾਮਲ ਹੋਣ ਰੌਲੀ ਕਲਿਆਣਪੁਰ ਪਿੰਡ ਆਏ ਸਨ। ਜੀਪ ਡਰਾਈਵਰ ਨੂੰ ਫੜ ਲਿਆ ਹੈ।

# ਓਨਸ ਜੇਬਿਊਰ ਨੂੰ ਹਰਾ ਕੇ ਰਿਬਾਕਿਨਾ ਵਿੰਬਲਡਨ ਚੈਂਪੀਅਨ ਬਣੀ



ਲੰਡਨ, 10 ਜੁਲਾਈ (ਪੋਸਟ ਬਿਊਰੋ)- ਏਲੇਨਾ ਰਿਬਾਕਿਨਾ ਕੱਲ੍ਹ ਇੱਥੇ ਵਿੰਬਲਡਨ ਫਾਈਨਲ ਵਿੱਚ ਓਨਸ ਜੇਬਿਊਰ ਨੂੰ 3-6, 6-2, 6-2 ਨਾਲ ਹਰਾਕੇ ਗ੍ਰੈਂਡ ਸਲੈਮ ਸਿੰਗਲਜ਼ ਚੈਂਪੀਅਨ ਬਣਨ ਵਾਲੀ ਕਜ਼ਾਕਿਸਤਾਨ ਦੀ ਪਹਿਲੀ ਟੈਨਿਸ ਖਿਡਾਰਨ ਬਣ ਗਈ। ਮਾਸਕੋ ਵਿੱਚ ਰਿਬਾਕਿਨਾ 2018 ਤੋਂ ਬਾਅਦ ਕਜ਼ਾਕਿਸਤਾਨ ਦੀ ਪ੍ਰਤੀਨਿਧਤਾ ਕਰ ਰਹੀ ਹੈ, ਜਿਸ ਨੂੰ ਦੇਸ਼ ਨੇ ਉਸ ਦੇ ਟੈਨਿਸ ਕਰੀਅਰ ਲਈ ਉਸ ਨੂੰ ਵਿੱਤੀ ਮਦਦ ਦੇਣ ਦੀ ਪੇਸ਼ਕਸ਼ ਕੀਤੀ ਸੀ, ਜਿਸ ਉੱਤੇ ਵਿੰਬਲਡਨ ਕਲੱਬ ਨੇ ਯੂਕਰੇਨ ਉੱਤੇ ਹਮਲੇ ਦੇ ਕਾਰਨ ਰੂਸ ਤੇ ਬੇਲਾਰੂਸ ਦੇ ਖਿਡਾਰੀਆਂ ਨੂੰ ਟੂਰਨਾਮੈਂਟ ਵਿੱਚ ਐਂਟਰੀ ਕਰਨ ਉੱਤੇ ਪਾਬੰਦੀ ਲਾ ਦਿੱਤੀ ਸੀ। ਇਹ ਆਲ ਇੰਗਲੈਂਡ ਕਲੱਬ ਉੱਤੇ 1962 ਤੋਂ ਬਾਅਦ ਪਹਿਲਾ ਮਹਿਲਾ ਖਿਤਾਬੀ ਮੈਚ ਸੀ, ਜਿਸ ਵਿੱਚ ਦੋਵੇਂ ਖਿਡਾਰਨਾਂ ਆਪਣੇ ਡੈਬਿਊ ਵਿੱਚ ਮੇਜਰ ਫਾਈਨਲ ਵਿੱਚ ਪਹੁੰਚੀਆਂ ਹੋਣ।

ਰਿਬਾਕਿਨਾ ਦੀ ਰੈਂਕਿੰਗ 23 ਹੈ। ਸਾਲ 1975 ਵਿੱਚ ਜਦੋਂ ਤੋਂ ਡਬਲਯੂ ਈ ਏ ਕੰਪਿਊਟਰ ਰੈਂਕਿੰਗ ਸ਼ੁਰੂ ਹੋਈ ਹੈ, ਸਿਰਫ ਇੱਕ ਮਹਿਲਾ ਖਿਡਾਰਨ ਅਜਿਹੀ ਹੈ, ਜਿਸ ਨੇ ਰਿਬਾਕਿਨਾ ਤੋਂ ਹੇਠਲੀ ਰੈਂਕਿੰਗ ਉੱਤੇ ਰਹਿ ਕੇ ਵਿੰਬਲਡਨ ਖਿਤਾਬ ਜਿੱਤਿਆ ਤੇ ਉਹ ਹੈ ਵੀਨਸ ਵਿਲੀਅਮਸ, ਜਿਸ ਨੇ 2007 ਵਿੱਚ ਇੱਥੇ ਖਿਤਾਬ ਜਿੱਤਿਆ ਸੀ ਤੇ ਤਦ ਉਸ ਦੀ ਰੈਂਕਿੰਗ 31 ਸੀ। ਇਸ ਤੋਂ ਪਹਿਲਾਂ ਵੀਨਸ ਨੰਬਰ ਇੱਕ ਰਹਿ ਚੁੱਕੀ ਸੀ ਤੇ ਆਲ ਇੰਗਲੈਂਡ ਕਲੱਬ ਵਿੱਚ ਆਪਣੇ ਕਰੀਅਰ ਦੀਆਂ ਪੰਜ ਟਰਾਫੀਆਂ ਵਿੱਚੋਂ ਤਿੰਨ ਜਿੱਤ ਚੁੱਕੀ ਸੀ। ਇਹ ਰਿਬਾਕਿਨਾ ਦਾ ਪਹਿਲਾ ਗ੍ਰੈਂਡ ਸਲੈਮ ਫਾਈਨਲ ਸੀ, ਜਿਸ ਵਿੱਚ ਜਿੱਤ ਕੇ ਉਸ ਨੇ ਆਪਣਾ ਤੀਜਾ ਖਿਤਾਬ ਜਿੱਤ ਲਿਆ ਹੈ।

ਨੀਦਰਲੈਂਡ ਦੀ ਡਿਏਡ ਡੀ ਗਰੂਟਾ ਨੇ ਕੱਲ੍ਹ ਵਿੰਬਲਡਨ ਟੈਨਿਸ ਗ੍ਰੈਂਡ ਸਲੈਮ ਦੀ ਵ੍ਹੀਲਚੇਅਰ ਮਹਿਲਾ ਮੁਕਾਬਲੇ ਦੇ ਫਾਈਨਲ ਵਿੱਚ ਜਾਪਾਨ ਦੀ ਯੂਈ ਕਾਮਿਜੀ ਨੂੰ 6-4, 6-2 ਨਾਲ ਹਰਾ ਕੇ ਲਗਾਤਾਰ ਸੱਤਵਾਂ ਮੇਜਰ ਸਿੰਗਲਜ਼ ਖਿਤਾਬ ਆਪਣੇ ਨਾਂਅ ਕੀਤਾ ਹੈ। ਇਹ ਉਸ ਦੀ ਵਿੰਬਲਡਨ ਵਿੱਚ ਚੌਥੀ ਟਰਾਫੀ ਹੈ। ਇਹ ਉਸ ਦਾ ਕੁੱਲ 15ਵੀਂ ਸਿੰਗਲਜ਼ ਖਿਤਾਬ ਹੈ, ਜਿਸ ਵਿੱਚ ਟਰਾਫੀਆਂ ਦੇ ਪੱਖੋਂ ਉਹ ਐਸਥਰ ਵਰਜੀਅਰ (21 ਟਰਾਫੀਆਂ) ਤੋਂ ਬਾਅਦ ਦੂਜੇ ਥਾਂ ਹੈ।

ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ
ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts
CONTACT US:
Goma Sandhu
(416)-731-6382
gomasandhu@hotmail.com
WE HELP...
-Save your Assets
-Avoid Bankruptcy
-Small monthly payments
-Rebuild your credit
YOUR DEBT $ MY SOLUTION

# ਖਪਤਕਾਰ ਕਮਿਸ਼ਨ ਦਾ ਫੈਸਲਾ, ਹੋਟਲ ਵਿੱਚ ਫਾਇਰ ਅਲਾਰਮ ਨਾ ਲਾਉਣਾ ਵੀ ਸਰਵਿਸ ਵਿੱਚ ਕਮੀ



ਨਵੀਂ ਦਿੱਲੀ, 10 ਜੁਲਾਈ (ਪੋਸਟ ਬਿਊਰੋ)- ਹੋਟਲ ਵਿੱਚ ਰੁਕਣ ਵਾਲੇ ਲੋਕਾਂ ਦੀ ਸੁਰੱਖਿਆ ਬਾਰੇ ਨੈਸ਼ਨਲ ਕੰਨਜ਼ੂਮਰ ਕਮਿਸ਼ਨ ਨੇ ਅਹਿਮ ਫੈਸਲਾ ਦਿੱਤਾ ਹੈ। ਕਮਿਸ਼ਨ ਦੇ ਜਸਟਿਸ ਸੀ ਵਿਸ਼ਵਾਨਾਥ ਅਤੇ ਜਸਟਿਸ ਰਾਮ ਸੂਰਤ ਰਾਮ ਮੌਰੀਆ ਦੀ ਬੈਂਚ ਨੇ ਹੋਟਲ ਵਿੱਚ ਅੱਗ ਲੱਗਣ ਨਾਲ ਇੱਕ ਵਿਅਕਤੀ ਦੀ ਮੌਤ ਦੇ ਕੇਸ ਵਿੱਚ ਹੋਟਲ ਪ੍ਰਬੰਧਾਂ ਨੂੰ ਲਾਪਰਵਾਹੀ ਅਤੇ ਸੇਵਾ ਵਿੱਚ ਕਮੀ ਦਾ ਦੋਸ਼ੀ ਮੰਨਿਆ ਅਤੇ ਪ੍ਰਬੰਧਕਾਂ ਨੂੰ 55 ਲੱਖ 37 ਹਜ਼ਾਰ ਰੁਪਏ ਦਾ ਜੁਰਮਾਨਾ ਕਿਤਾ ਹੈ।

ਕਮਿਸ਼ਨ ਦੇ ਹੁਕਮ ਅਨੁਸਾਰ ਹੋਟਲ ਪ੍ਰਬੰਧਕਾਂ ਨੂੰ ਇਹ ਰਕਮ ਵਾਰਸਾਂ ਨੂੰ 6 ਫੀਸਦੀ ਵਿਆਜ ਸਮੇਤ ਦੋ ਮਹੀਨੇ ਵਿੱਚ ਦੇਣੀ ਪਵੇਗੀ। ਕਮਿਸ਼ਨ ਨੇ ਕਿਹਾ ਕਿ ਜੇ ਕਿਸੇ ਹੋਟਲ ਵਿੱਚ ਫਾਇਰ ਅਲਾਰਮ ਨਹੀਂ ਲਾਇਆ ਅਤੇ ਮੁਲਾਜ਼ਮਾਂ ਨੂੰ ਅੱਗ ਬੁਝਾਉਣ ਦੇ ਜੰਤਰਾਂ ਦੀ ਵਰਤੋਂ ਨਹੀਂ ਸਿਖਾਈ ਤਾਂ ਇਸ ਨੂੰ ਗਾਹਕ ਦੀ ਸੇਵਾ ਵਿੱਚ ਕਮੀ ਮੰਨਿਆ ਜਾਏਗਾ। ਅਜਿਹੇ ਵਿੱਚ ਇਸ ਨਾਲ ਗਾਹਕ ਨੂੰ ਹੋਏ ਨੁਕਸਾਨ ਦੀ ਪੂਰਤੀ ਹੋਟਲ ਨੂੰ ਕਰਨੀ ਪਵੇਗੀ। ਮੌਜੂਦਾ ਕੇਸ ਵਿੱਚ ਦੇਖਿਆ ਗਿਆ ਕਿ ਜਦੋਂ ਹੋਟਲ ਵਿੱਚ ਅੱਗ ਲੱਗੀ, ਉਥੇ ਸਮੋਕ ਡਿਟੈਕਟਰ ਨਹੀਂ ਸੀ। ਇਸ ਕਾਰਨ ਸਮੇਂ ਸਿਰ ਅੱਗ ਦਾ ਪਤਾ ਨਹੀਂ ਲੱਗਾ ਅਤੇ ਹੋਟਲ ਵਿੱਚ ਰੁਕੇ ਮੁਕੇਸ਼ ਅਤੇ ਤਿੰਨ ਹੋਰਨਾਂ ਦੀ ਸਾਹ ਘੁਟਣ ਕਾਰਨ ਮੌਤ ਹੋ ਗਈ। ਹੋਟਲ ਵਿੱਚ ਅੱਗ ਬੁਝਾਉਣ ਵਾਲੇ ਜੰਤਰ ਲੱਗੇ ਸਨ, ਪ੍ਰੰਤੂ ਉਨ੍ਹਾਂ ਨੂੰ ਵਰਤਣਾ ਕਰਮਚਾਰੀਆਂ ਨੂੰ ਨਹੀਂ ਸਿਖਾਇਆ ਸੀ।

ਮੁਕੇਸ਼ ਗੰਗਾਧਰ ਮੰਗਲਾਨੀ ਬਿਜ਼ਨਸ ਟੂਰ ਉੱਤੇ ਉੜੀਸਾ ਦੇ ਬਰਬਿਲ ਗਏ ਸਨ ਤੇ ਉਥੇ ਹੋਟਲ ਲੱਕੀ ਇੰਡੀਆ ਵਿੱਚ ਏ ਸੀ ਰੂਮ ਬੁੱਕ ਕਰਵਾ ਕੇ ਤਿੰਨ ਅਗਸਤ 2018 ਨੂੰ ਹੋਟਲ ਦੇ ਕਮਰਾ ਨੰਬਰ 302 ਵਿੱਚ ਠਹਿਰੇ ਸਨ। ਅਗਲੇ ਦਿਨ ਸਵੇਰੇ ਹੋਟਲ ਵਿੱਚ ਅੱਗ ਲੱਗ ਜਾਣ ਕਾਰਨ ਮੁਕੇਸ਼ ਗੰਗਾਧਰ ਮੰਗਲਾਨੀ ਅਤੇ ਹੋਟਲ ਦੇ ਤਿੰਨ ਹੋਰ ਮਹਿਮਾਨਾਂ ਦੀ ਮੌਤ ਹੋ ਗਈ। ਪੁਲਸ ਜਾਂਚ ਵਿੱਚ ਪਤਾ ਲੱਗਾ ਕਿ ਅੱਗ ਸ਼ਾਰਟ ਸਰਕਿਟ ਕਾਰਨ ਲੱਗੀ ਸੀ।

ਵਾਤਾਵਰਣ ਬਚਾਉ ਮੁਹਿੰਮ:

# ਨਿਊ ਯਾਰਕ ਦੇ ਪਾਰਕ ਵਿੱਚ ਕੀਟਨਾਸ਼ਕ ਦੀ ਥਾਂ ਬੱਕਰੀਆਂ ਦੀ ਵਰਤੋਂ



ਨਿਊ ਯਾਰਕ, 10 ਜੁਲਾਈ (ਪੋਸਟ ਬਿਊਰੋ)- ਨਿਊ ਯਾਰਕ ਦੀ ਰਿਵਰਸਾਈਡ ਪਾਰਕ ਦੀ ਮੈਨੇਜਮੈਂਟ ਨੇ ਵਾਤਾਵਰਣ ਨੂੰ ਬਚਾਉਣ ਲਈ ਛੋਟਾ, ਪਰ ਖਾਸ ਪ੍ਰਯੋਗ ਕੀਤਾ, ਪਾਰਕ ਵਿੱਚ ਮੌਜੂਦਾ ਬੂਟੀਆਂ (ਵੀਡ) ਨੂੰ ਕੀਟਨਾਸ਼ਕਾਂ ਰਾਹੀਂ ਮਿਟਾਉਣ ਦੀ ਥਾਂ ਵੀਹ ਬੱਕਰੀਆਂ ਪਾਰਕ ਵਿੱਚ ਛੱਡੀਆਂ ਹਨ। ਪਾਰਕ ਦਾ ਇਹ ਪ੍ਰਯੋਗ ਵਲਡ ਇਕਨਾਮਿਕ ਫੋਰਮ ਨੂੰ ਇੰਨਾ ਚੰਗਾ ਲੱਗਾ ਕਿ ਫੋਰਮ ਨੇ ਇਸ ਦੀ ਵੀਡੀਓ ਬਣਾ ਕੇ ਆਪਣੇ ਇੰਸਟਾਗ੍ਰਾਮ ਪੇਜ਼ ਉੱਤੇ ਪੋਸਟ ਕੀਤੀ ਹੈ।

ਇਹ ਬੱਕਰੀਆਂ ਸਾਰਾ ਦਿਨ ਬੂਟੀਆਂ ਖਾ ਕੇ ਪਾਰਕ ਦੀ ਸੁੰਦਰਤਾ ਨੂੰ ਕਾਇਮ ਰੱਖਦੀਆਂ ਹਨ। ਪਾਰਕ ਦੇ ਅੰਤ੍ਰਿਮ ਪ੍ਰਧਾਨ ਜਾਨ ਹੈਰੇਲਡ ਨੇ ਕਿਹਾ ਕਿ ਪਾਰਕ ਵਿੱਚ ਛੱਡੀਆਂ ਗਈਆਂ ਬੱਕਰੀਆਂ ਗੈਰ ਜ਼ਰੂਰੀ ਬੂਟੀਆਂ ਖਾ ਜਾਂਦੀਆਂ ਹਨ ਤੇ ਉਨ੍ਹਾਂ ਦਾ ਪਾਚਣ ਤੰਤਰ ਇਨ੍ਹਾਂ ਬੂਟੀਆਂ ਨੂੰ ਪਚਾ ਜਾਂਦਾ ਹੈ। ਇਸ ਨਾਲ ਸਾਨੂੰ ਬੂਟਿਆਂ ਉੱਤੇ ਜ਼ਹਿਰੀਲੇ ਕੀਟਨਾਸ਼ਕਾਂ ਦੀ ਵਰਤੋਂ ਨਹੀਂ ਕਰਨੀ ਪੈਂਦੀ। ਪਾਰਕ ਵਿੱਚ ਬੱਕਰੀਆਂ ਛੱਡਣ ਦਾ ਇੱਕ ਹੋਰ ਲਾਭ ਇਹ ਵੀ ਹੈ ਕਿ ਬੱਚੇ ਇਨ੍ਹਾਂ ਨਾਲ ਖੇਡਦੇ ਰਹਿੰਦੇ ਹਨ ਅਤੇ ਬੱਕਰੀਆਂ ਬੱਚਿਆਂ ਨੂੰ ਨੁਕਸਾਨ ਵੀ ਨਹੀਂ ਪਹੁੰਚਾਉਂਦੀਆਂ।


ID MEDIA
GOLD CREW ENTERTAINMENT PROUDLY
PRESENTS
GOLDCREW
BLUE ROSE
REALTY INC. BROKERAGE
RAJVIR JAWANDA
MANPREET TOOR
Rang Punjab de
ਰੰਗ ਪੰਜਾਬ ਦੇ
SCAN HERE
WWW.TICKETMASTER.CA
SATURDAY, JULY 16TH
PARAMOUNT FINE FOODS CENTRE
(5500 ROSE CHERRY PL, MISSISSAUGA, ON, L4Z 4B6)
BALWINDER THIND: 647.273.2025 | GARRY THIND: 416.829.9860
LIVE IN TORONTO
HOSTED BY MANPREET TOOR
GOLD SPONSORS
JMD EXPRESS
UNITED PETROLEUM TRANSPORT
SKYDOME GROUP OF COMPANIES
SILVER SPONSORS
AIRPRO Mechanical
BVD Group
GULFLINE GROUP LTD
Infinity HVAC Ltd.
mpi print & packaging
WAVE FREIGHT SYSTEMS LTD.
CIC
Ameri-Can SYSTEMS
BRONZE SPONSORS
NEW GEN
Insurance Bazaar
VISIONCRAFTERS
JASS CONSTRUCTION INC
AUTOBAHN
ROYAL CANADIAN PLUMBING INC
JET IMMIGRATION
Capital Hands
ID MEDIA
EMERALD
DIAMOND HOME RENOVATION
TRUSTED TRUCK SALES
Charger Truck Sales
Best Bargain
DALJIT SINGH | KULDEEP JOSAN | DALJEET VIRK | RAMAN THIND | BRINDERPAL THIND




# ਭਾਰਤ ਵੱਲੋਂ ਅਮਰੀਕਾ ਨੂੰ ਝਟਕਾ, ਜੰਗੀ ਡਰੋਨ ਭਾਰਤੀ ਕੰਪਨੀ ਤੋਂ ਖਰੀਦੇ ਜਾਣਗੇ

ਨਵੀਂ ਦਿੱਲੀ, 10 ਜੁਲਾਈ (ਪੋਸਟ ਬਿਊਰੋ)- 'ਮੇਕ ਇਨ ਇੰਡੀਆ' ਮੁਹਿੰਮ ਨੂੰ ਰਫਤਾਰ ਦੇਣ ਲਈ ਭਾਰਤ ਸਰਕਾਰ ਨੇ ਅਮਰੀਕਾ ਨਾਲ ਪ੍ਰੀਡੇਟਰ ਡਰੋਨ ਦੇ ਸੌਦੇ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਅਤੇ ਜੰਗੀ ਸਮਰੱਥਾ ਨਾਲ ਲੈਸ ਤੇ ਲੰਬੀ ਦੂਰੀ ਤਕ ਮਾਰ ਕਰਨ ਦੇ ਸਮਰੱਥ ਸਵਦੇਸ਼ੀ ਡਰੋਨ ਖਰੀਦਣ ਦੀ ਯੋਜਨਾ ਬਣਾ ਰਹੀ ਹੈ।



ਇੱਕ ਨਿੱਜੀ ਭਾਰਤੀ ਕੰਪਨੀ ਅਤੇ ਇਸਰਾਈਲੀ ਕੰਪਨੀ ਮਿਲ ਕੇ ਇਹ ਡਰੋਨ ਬਣਾ ਰਹੀਆਂ ਹਨ।ਅਮਰੀਕਾ ਤੋਂ ਪ੍ਰੀਡੇਟਰ ਡਰੋਨ ਦੀ ਖਰੀਦ ਨੂੰ ਠੰਢੇ ਬਸਤੇ ਵਿੱਚ ਪਾਉਣ ਦੇ ਨਾਲ ਲੈਫਟੀਨੈਂਟ ਜਨਰਲ ਦੀ ਅਗਵਾਈ ਵਿੱਚ ਸਮੁੱਚੇ ਸੌਦੇ ਦੀ ਘੋਖ ਲਈ ਇੱਕ ਕਮੇਟੀ ਬਣਾ ਦਿੱਤੀ ਗਈ ਹੈ। ਅਮਰੀਕਾ ਨਾਲ ਸੌਦਾ ਬਹੁਤ ਮਹਿੰਗਾ ਪੈ ਰਿਹਾ ਸੀ। ਤੀਹ ਡਰੋਨ ਦੀ ਕੀਮਤ ਕਰੀਬ 4.5 ਅਰਬ ਡਾਲਰ (ਕਰੀਬ 35,680 ਕਰੋੜ ਰੁਪਏ) ਪੈਣੀ ਸੀ।ਇੱਕ ਸੀਨੀਅਰ ਅਫਸਰਦੇ ਮੁਤਾਬਕ ਅਮਰੀਕਾ ਨਾਲ ਸਮਝੌਤਾ ਅੱਗੇ ਨਹੀਂ ਵਧ ਰਿਹਾ ਸੀ ਅਤੇ ਇੰਪੋਰਟ ਦੇ ਲਗਭਗ ਸਾਰੇ ਕੇਸਾਂ ਨੂੰ ਠੱਪ ਕਰਕੇ ਅਸੀਂ ਇੱਕ ਭਾਰਤੀ ਨਿੱਜੀ ਫਰਮ ਅਤੇ ਇਸਰਾਈਲ ਦੀ ਰੱਖਿਆ ਕੰਪਨੀ ਵੱਲੋਂ ਮਿਲ ਕੇ ਬਣਾਏ ਗਏ ਹਥਿਆਰਾਂ ਨਾਲ ਲੈਸ ਯੂ ਏ ਵੀ (ਮਨੁੱਖ ਰਹਿਤ ਹਵਾਈ ਵਾਹਨ) ਲੈਣ ਬਾਰੇ ਸੋਚ ਰਹੇ ਹਨ। ਇਸ ਯੋਜਨਾ ਵਿੱਚ ਭਾਰਤੀ ਕੰਪਨੀ ਦਾ ਯੋਗਦਾਨ ਸਰਕਾਰ ਵੱਲੋਂ ਤੈਅ ਕੀਤੇ 'ਮੇਕ ਇਨ ਇੰਡੀਆ' ਦੇ ਹਿਸਾਬ ਨਾਲ ਹੈ। ਇਨ੍ਹਾਂ ਸਟੈਂਡਰਡ ਦੇ ਤਹਿਤ ਸਰਕਾਰ ਫੌਜਾਂ ਲਈ ਮਸ਼ੀਨਰੀ ਖਰੀਦਣ ਉੱਤੇ ਵਿਚਾਰ ਕਰ ਸਕਦੀ ਹੈ।ਭਾਰਤ ਅਮਰੀਕਾ ਤੋਂ ਤੀਹ ਪ੍ਰੀਡੇਟਰ ਡਰੋਨ ਖਰੀਦਣਾ ਚਾਹੁੰਦਾ ਸੀ। ਇਹ ਡਰੋਨ ਮਿਜ਼ਾਈਲ ਅਤੇ ਹੋਰਨਾਂ ਹਥਿਆਰਾਂ ਨਾਲ ਲੈਸ ਹੁੰਦੇ ਹਨ। ਤਿੰਨਾਂ ਫੌਜਾਂ ਵਿੱਚ ਇਨ੍ਹਾਂ ਦਾ ਇਸਤੇਮਾਲ ਹੋ ਸਕਦਾ ਹੈ।

